# ਸੈਂਟਰ ਫਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ
# ਪੰਜਾਬੀ ਯੂਨੀਵਰਸਿਟੀ, ਪਟਿਆਲਾ

ਕਲਾਸ : ਬੀ.ਐਡ.-1 ਸਮੈਸਟਰ ਦੂਜਾ

ਪੇਪਰ : ਦਸਵਾਂ (ਪਾਠਕ੍ਰਮ ਦਾ ਵਿਕਾਸ) ਯੂਨਿਟ : 2

ਮੀਡੀਅਮ : ਪੰਜਾਬੀ

ਪਾਠ ਨੰ.


2.1 ਪਾਠਕ੍ਰਮ ਨਿਰਮਾਣ ਪ੍ਰਤੀ ਪਹੁੰਚਾਂ: ਵਿਸ਼ਾ-ਕੇਂਦਰਿਤ ਅਤੇ ਸਿੱਖਿਆਰਥੀ ਕੇਂਦਰਿਤ: ਵਿਸ਼ਾ-ਵਸਤੂ ਦਾ ਸੰਗਠਨ

2.2 ਘੁਮਾਣਦਾਰ ਪਾਠਕ੍ਰਮ ਅਤੇ ਪਾਠਕ੍ਰਮ ਦਾ ਏਕੀਕਰਣ

2.3 ਪਾਠਕ੍ਰਮ ਸਬੰਧੀ ਭਵਿੱਖ ਦੀਆਂ ਲੋੜਾਂ ਨਾਲ ਪਾਠਕ੍ਰਮ ਦਾ ਏਕੀਕਰਣ ਕਰਨਾ: ਕਿੱਤਾ ਮੁਖੀ ਝੁਕਾਅ ਅਤੇ ਹੁਨਰ ਵਿਕਾਸ ਪਾਠਕ੍ਰਮ

2.4 ਵਿਸ਼ੇਸ ਬੱਚਿਆਂ ਲਈ ਪਾਠਕ੍ਰਮ


**website : www.pbidde.org**

ਪਾਠ ਨੰ : 2.1

ਅਨੁਵਾਦਕਰਤਾ : ਹਰਦੀਪ ਕੌਰ
Converted into SLM by: Dr. Amita

Last updated in January, 2026

## ਪਾਠਕ੍ਰਮ ਵਿਕਾਸ ਦੀਆਂ ਪਹੁੰਚਾਂ : ਵਿਸ਼ਾ ਕੇਂਦਰਿਤ ਅਤੇ ਸਿਖਿਆਰਥੀ ਕੇਂਦਰਿਤ; ਵਿਸ਼ਾ ਸੰਗਠਨ

**ਢਾਂਚਾ**

2.1.1 ਉਦੇਸ਼
2.1.2 ਭੂਮਿਕਾ
2.1.3 ਵਿਸ਼ਾ ਕੇਂਦਰਿਤ ਪਾਠਕ੍ਰਮ
2.1.4 ਵਿਸ਼ੇਸ਼ਤਾਵਾਂ
2.1.5 ਲਾਭ
2.1.6 ਆਲੋਚਨਾ
2.2.3 ਸਿਖਿਆਰਥੀ ਕੇਂਦਰਿਤ ਪਾਠਕ੍ਰਮ
2.1.8 ਵਿਸ਼ੇਸ਼ਤਾਵਾਂ ਅਤੇ ਲਾਭ
2.1.9 ਆਲੋਚਨਾ
2.1.10 ਵਿਸ਼ਾ ਸੰਗਠਨ
2.1.11 ਕੋਰਸ ਦੇ ਵਿਸ਼ੇ ਦੀ ਚੋਣ ਤੇ ਸੰਗਠਨ
2.1.12 ਪਾਠਕ੍ਰਮ ਦੇ ਵਿਸ਼ਾ-ਵਸਤੂ ਦੀ ਚੋਣ ਲਈ ਸੱਤ ਪ੍ਰਕਾਰ ਦੇ ਮਾਪ-ਦੰਡ
2.1.13 ਸਾਰਾਸ਼
2.1.14 ਮੁੱਖ ਸੰਕਲਪ
2.1.15 ਸਵੈ ਮੁਲਾਂਕਣ ਅਭਿਆਸ
2.1.16 ਸੁਝਾਏ ਪ੍ਰਸ਼ਨ
2.1.17 ਸੁਝਾਈ ਪੁਸਤਕ ਸੂਚੀ

### 2.1.1 ਉਦੇਸ਼

ਇਸ ਪਾਠ ਦੇ ਅਧਿਐਨ ਕਰਨ ਉਪਰੰਤ ਤੁਸੀਂ ਯੋਗ ਹੋ ਜਾਉਗੇ :-

1. ਪਾਠਕ੍ਰਮ ਵਿਕਾਸ ਦੀਆਂ ਵੱਖ-ਵੱਖ ਪਹੁੰਚਾਂ ਨੂੰ ਪਰਿਭਾਸ਼ਤ ਕਰਨ ਦੇ।
2. ਪਾਠਕ੍ਰਮ ਵਿਕਾਸ ਦੀਆਂ ਵੱਖ-ਵੱਖ ਪਹੁੰਚਾਂ ਤੇ ਉਸ ਦੀਆਂ ਕਿਸਮਾਂ ਨੂੰ ਲਿਖਣ ਦੇ।
3. ਪਾਠਕ੍ਰਮ ਵਿਕਾਸ ਦੀ ਸਿਖਿਆਰਥੀ ਕੇਂਦਰਿਤ ਪਹੁੰਚ ਦੀ ਵਿਆਖਿਆ ਕਰਨ ਦੇ।
4. ਪਾਠਕ੍ਰਮ ਵਿਕਾਸ ਦੀ ਅਧਿਆਪਕ ਕੇਂਦਰਿਤ ਪਹੁੰਚ ਦੀ ਵਿਆਖਿਆ ਕਰਨ ਦੇ।

5. ਪਾਠਕ੍ਰਮ ਵਿਕਾਸ ਵਿੱਚ ਵਿਸ਼ਾ-ਸੰਗਠਨ ਦੀ ਪ੍ਰਕਿਰਿਆ ਦੀ ਵਿਆਖਿਆ ਕਰਨ ਦੇ।

### 2.1.2 ਭੂਮਿਕਾ

ਪਾਠਕ੍ਰਮ ਦਾ ਵਿਕਾਸ ਕਰਨ ਜਾਂ ਪਾਠਕ੍ਰਮ ਨੂੰ ਡਿਜ਼ਾਇਨ ਕਰਨ ਲਈ ਬਹੁਤ ਸਾਰੀਆਂ ਪਹੁੰਚਾਂ ਜਾਂ ਤਰੀਕੇ ਹਨ ਜਿਹਨਾਂ ਨੂੰ ਪਾਠਕ੍ਰਮ ਘੜਨ ਵਾਲਾ ਪ੍ਰਯੋਗ ਵਿੱਚ ਲਿਆ ਸਕਦਾ ਹੈ। ਇਹਨਾਂ ਡਿਜ਼ਾਇਨਾਂ ਨੂੰ ਹੇਠ ਲਿਖੇ ਮੁੱਖ ਵਰਗਾਂ ਵਿੱਚ ਵਰਗੀਕ੍ਰਿਤ ਕੀਤਾ ਜਾ ਸਕਦਾ ਹੈ :-

1. ਰਿਵਾਇਤੀ ਜਾਂ ਵਿਸ਼ਾ ਕੇਂਦਰਿਤ ਡਿਜ਼ਾਇਨ,
2. ਸਿਖਿਆਰਥੀ ਕੇਂਦਰਿਤ ਡਿਜ਼ਾਇਨ
3. ਸਮੱਸਿਆ ਕੇਂਦਰਿਤ ਜਾਂ
4. ਸਮਾਜ ਕੇਂਦਰਿਤ ਡਿਜ਼ਾਇਨ ਅਤੇ
5. ਏਕੀਕ੍ਰਿਤ ਡਿਜ਼ਾਇਨ

ਪਰੰਤੂ ਇਥੇ ਸਿਰਫ ਵਿਸ਼ਾ ਕੇਂਦਰਿਤ ਤੇ ਸਿਖਿਆਰਥੀ ਕੇਂਦਰਿਤ ਪਾਠਕ੍ਰਮ ਵਿਕਾਸ ਦੀਆਂ ਪਹੁੰਚਾਂ ਜਾਂ ਡਿਜ਼ਾਇਨਾਂ ਨੂੰ ਹੀ ਵਿਚਾਰ ਵਿੱਚ ਲਿਆਂਦਾ ਜਾਵੇਗਾ।

### 2.1.3 ਵਿਸ਼ਾ ਕੇਂਦਰਿਤ ਪਾਠਕ੍ਰਮ

1949 ਈ. ਵਿੱਚ Ralph Tyler ਨੇ ਆਪਣੀ ਪੁਸਤਕ, "Basic Principles of Curriculum and Instruction", ਵਿੱਚ ਰਿਵਾਇਤੀ ਮਾਡਲ ਦੀ ਸਥਾਪਨਾ ਕੀਤੀ ਅਤੇ ਇਸ ਨੂੰ ਪਾਠਕ੍ਰਮ ਵਿਕਾਸ ਦੀ ਵਿਚਾਰਧਾਰਾ ਲਈ ਮੁੱਖ ਧਾਰਾ ਮੰਨਿਆ। ਇਹ ਪਹੁੰਚ ਵਿਸ਼ਾ-ਕੇਂਦਰਿਤ ਹੈ ਜੋ ਇਸ ਬਾਰੇ ਮੁੱਢਲੀ ਜਾਣਕਾਰੀ ਦਿੰਦੀ ਹੈ। ਇਸ ਰਾਹੀਂ ਮਾਹਿਰਾਂ ਵੱਲੋਂ ਤਿਆਰ ਕੀਤੇ ਗਏ ਵਿਸ਼ੇ-ਵਸਤੂ ਬਾਰੇ ਵਿਦਿਆਰਥੀ ਮੁਹਾਰਤ ਹਾਸਲ ਕਰਦੇ ਹਨ। ਪਾਠਕ੍ਰਮ ਦੇ ਵਿਸ਼ੇ ਵਸਤੂ ਨੂੰ ਯੂਨਿਟਾਂ ਵਿੱਚ ਸੰਗਠਿਤ ਕੀਤਾ ਜਾਂਦਾ ਹੈ ਅਤੇ ਜਿਸ ਕ੍ਰਮ ਵਿੱਚ ਵਿਸ਼ੇ-ਵਸਤੂ ਨੂੰ ਪੜ੍ਹਾਇਆ ਜਾਂਦਾ ਹੈ, ਉਹ ਵਿਸ਼ੇ-ਵਸਤੂ ਦੇ ਤਰਕ ਉੱਪਰ ਨਿਰਭਰ ਕਰਦਾ ਹੈ। (Knowles, 1984)

### 2.1.4 ਵਿਸ਼ੇਸ਼ਤਾਵਾਂ

1. ਇਸ ਦਾ ਮੁੱਖ ਉਦੇਸ਼ ਬੱਚਿਆਂ ਦੇ ਮਿਆਰ ਨੂੰ ਵਧਾਉਣਾ ਹੈ ਅਤੇ ਪਾਠਕ੍ਰਮ ਦੀ ਤਹਿ ਤੱਕ ਪਹੁੰਚਾਉਣਾ ਹੈ। ਪਾਠਕ੍ਰਮ ਨੂੰ ਵਿਦਿਆਰਥੀਆਂ ਉੱਤੇ ਠੋਸਣ ਲਈ ਵੱਡੀ ਮਾਤਰਾ ਵਿੱਚ ਅਧਿਆਪਕਾਂ ਉੱਤੇ ਵਿਅਰਥ ਪ੍ਰਯੋਗ ਥੋਪੇ ਜਾਂਦੇ ਹਨ।
2. ਅਧਿਆਪਕਾਂ ਕੋਲ ਪੜ੍ਹਾਉਣ ਲਈ ਜਮਾਤ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਬੈਠੇ ਹੁੰਦੇ ਹਨ ਜਿਸ ਨਾਲ ਅਧਿਆਪਕ ਨੂੰ ਵਿਦਿਆਰਥੀਆਂ ਨਾਲ ਨੇੜਤਾ ਵਾਲਾ ਸੰਬੰਧ ਬਣਾਉਣ ਵਿੱਚ ਮੁਸ਼ਕਿਲ ਆਉਂਦੀ ਹੈ।
3. ਬੱਚਿਆਂ ਦੇ ਮਾਪੇ ਸਿਰਫ ਅਧਿਆਪਕ ਵੱਲੋਂ ਦਿੱਤੇ ਹੋਏ ਘਰ ਦੇ ਕੰਮ ਨੂੰ ਪੂਰਾ ਕਰਾਉਣ ਤੱਕ ਹੀ ਸੀਮਤ ਰਹਿੰਦੇ ਹਨ।
4. ਅਧਿਆਪਕ ਸੂਬੇ ਵੱਲੋਂ ਬਣਾਏ ਗਏ ਪਾਠਕ੍ਰਮ ਨੂੰ ਹੀ ਪੂਰਾ ਕਰਾਉਣ ਵਿੱਚ ਲੱਗੇ ਰਹਿੰਦੇ ਹਨ।
5. ਅਧਿਆਪਕਾਂ ਦਾ ਧਿਆਨ ਇਸ ਗੱਲ ਵੱਲ ਕੇਂਦਰਿਤ ਰਹਿੰਦਾ ਹੈ ਕਿ ਉਸ ਦੇ ਵਿਦਿਆਰਥੀ ਕੀ ਨਹੀਂ ਜਾਣਦੇ ਅਤੇ ਕੀ ਨਹੀਂ ਕਰ ਸਕਦੇ। ਵਿਦਿਆਰਥੀਆਂ ਨੂੰ ਅਧਿਆਪਕ ਵੱਲੋਂ ਦਿੱਤੇ ਗਏ ਘਰ ਦੇ ਕੰਮ ਨੂੰ ਪੂਰਾ ਕਰਨ ਦੀ ਲੋੜ ਹੈ।

6. ਵਿਦਿਆਰਥੀਆਂ ਨੂੰ ਪ੍ਰਸ਼ਨ ਪੁੱਛਣ ਲਈ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਸਿੱਖਣ ਦਾ ਮਕਸਦ ਸਿਰਫ ਪਾਸ ਹੋਣ ਲਈ ਹੀ ਹੁੰਦਾ ਹੈ ਜੋ ਕਿ ਬੜਾ ਸੌੜਾ ਤੇ ਅਸਥਾਈ ਹੈ।

**2.1.5 ਲਾਭ**

1. ਰਵਾਇਤੀ ਪਹੁੰਚ ਦਾ ਇੱਕ ਲਾਭ ਇਹ ਹੈ ਕਿ ਵਿਦਿਆਰਥੀ ਇਸਨੂੰ ਪਸੰਦ ਕਰਦੇ ਹਨ। ਉਹ ਇਸਦੇ ਆਦੀ ਹਨ ਅਤੇ ਜੋ ਸਕੂਲ ਵਿਦਿਆਰਥੀਆਂ ਕੋਲੋਂ ਚਾਹੁੰਦਾ ਹੈ। ਉਸ ਦੇ ਅਨੁਸਾਰ ਵਿਦਿਆਰਥੀ ਆਪਣੇ ਵਿਚਾਰਾਂ ਨੂੰ ਇਸ ਪਹੁੰਚ ਰਾਹੀਂ ਵਿਅਕਤ ਕਰ ਦਿੰਦੇ ਹਨ।
2. ਇਸ ਰਾਹੀਂ ਸਿੱਖਣ ਦੀ ਪ੍ਰਕਿਰਿਆ ਪੜਾਅ ਵਾਰ (Step by Step) ਹੁੰਦੀ ਹੈ।
3. ਵਿਦਿਆਰਥੀਆਂ ਦੇ ਨਤੀਜਿਆਂ ਦਾ ਆਸਾਨੀ ਨਾਲ ਪਰਿਮਾਣਾਤਮਕ ਵਿਸ਼ਲੇਸ਼ਣ (Quantitative Analysis) ਕੀਤਾ ਜਾ ਸਕਦਾ ਹੈ ਅਤੇ ਨੀਤੀ ਘਾੜਿਆਂ ਨੂੰ ਵੀ ਸਹਿਜ ਰੂਪ ਵਿੱਚ ਵਿਖਾਇਆ ਜਾ ਸਕਦਾ ਹੈ।
4. ਵਿਦਿਆਰਥੀਆਂ ਦੇ ਵਿਕਾਸ ਲਈ ਪ੍ਰੋਗਰਾਮ ਘੜ੍ਹਨ ਵਾਲਿਆਂ ਨੂੰ ਪ੍ਰੋਗਰਾਮਾਂ ਦੀਆਂ ਪ੍ਰਾਪਤੀਆਂ ਦਾ ਪਤਾ ਲੱਗਦਾ ਹੈ।
5. ਵਿਦਿਆਰਥੀਆਂ ਦੇ ਪ੍ਰੋਰ, ਨਿੱਜੀ ਅਧਿਆਪਕਾਂ ਤੇ ਅਧਿਆਪਕਾਂ ਨੂੰ ਪ੍ਰਾਪਤੀਆਂ ਦੇ ਪੱਧਰ ਦਾ ਅੰਦਾਜ਼ਾ ਲਗਦਾ ਹੈ ਜਿਸ ਨਾਲ ਉਹਨਾਂ ਨੂੰ ਅੱਗੇ ਲਈ ਪ੍ਰੇਰਨਾ ਮਿਲਦੀ ਹੈ।
6. ਰਵਾਇਤੀ ਪਾਠਕ੍ਰਮ ਸਮੂਹ ਵਿਅਕਤੀਆਂ ਲਈ ਵੀ ਲਾਹੇਵੰਦ ਹੈ ਪ੍ਰਕਾਸ਼ਕ ਵਿਦਿਆਰਥੀਆਂ ਤੇ ਅਧਿਆਪਕਾਂ ਦੀ ਸਹੂਲਤ ਲਈ ਵੱਖ-ਵੱਖ ਵਿਸ਼ਿਆਂ ਦੀਆਂ Workbooks ਤਿਆਰ ਕਰਦੇ ਹਨ।
7. ਜਿੱਥੇ ਸਰੋਤਾਂ ਜਾਂ ਅਧਿਆਪਕਾਂ ਦੀ ਗਿਣਤੀ ਨਾਕਾਫੀ ਹੈ, ਉਥੇ ਇਸ ਤਰ੍ਹਾਂ ਦੀ ਰਵਾਇਤੀ ਪਹੁੰਚ ਲਾਹੇਵੰਦ ਹੈ।
8. ਅਧਿਆਪਕ ਇਸ ਪਹੁੰਚ ਰਾਹੀਂ ਆਪ ਹੀ ਅਧਿਆਪਨ ਸਮੱਗਰੀ ਤਿਆਰ ਕਰ ਲੈਂਦੇ ਹਨ।
9. ਗੈਰ ਸਿਖਿਅਤ ਅਧਿਆਪਤ/ਨਿੱਜੀ ਅਧਿਆਪਕ/ਵਲੰਟੀਅਰ ਅਧਿਆਪਨ ਵੀ ਇਸ ਨੂੰ ਪੜ੍ਹਾ ਸਕਦੇ ਹਨ।
10. ਪਾਠਕ੍ਰਮ ਦਾ ਰਵਾਇਤੀ ਡਿਜ਼ਾਇਨ ਆਸਾਨ ਹੈ।
11. ਰਵਾਇਤੀ ਪਾਠਕ੍ਰਮ ਨਾਲ ਸੰਬੰਧਤ ਵਪਾਰਕ ਪੱਧਰ ਉਤੇ ਪੁਸਤਕਾਂ ਤੇ ਕੰਪਿਊਟਰ ਰਾਹੀਂ ਬਹੁਤ ਸਾਰੀ ਸਮੱਗਰੀ ਤਿਆਰ ਹੋ ਚੁੱਕੀ ਹੈ, ਜਿਸ ਨਾਲ ਵਿਦਿਆਰਥੀਆਂ ਨੂੰ ਸਵੈ ਅਧਿਐਨ ਕਰਨ ਵਿੱਚ ਆਸਾਨੀ ਰਹਿੰਦੀ ਹੈ।
12. ਬਾਲਗ ਵਿਦਿਆਰਥੀਆਂ ਨੂੰ ਜਮਾਤਾਂ ਦੇ ਸ਼ੁਰੂ ਹੋਣ ਦਾ ਇੰਤਜ਼ਾਰ ਨਹੀਂ ਕਰਨਾ ਪੈਂਦਾ। ਉਹ ਆਪਣੇ ਆਪ ਪੜ੍ਹਨਾ ਸ਼ੁਰੂ ਕਰ ਦਿੰਦੇ ਹਨ।

**2.1.6 ਆਲੋਚਨਾ**

1. ਵਿਸ਼ਾ-ਕੇਂਦਰਤ ਪਾਠਕ੍ਰਮ ਦੀਆਂ ਖਾਮੀਆਂ ਵਿੱਚੋਂ ਇੱਕ ਕਮੀ ਇਹ ਹੈ ਕਿ ਇਹ ਵਿਦਿਆਰਥੀਆਂ ਨੂੰ ਸੰਸਾਰ ਦੇ ਚਲੰਤ ਮਾਮਲਿਆਂ ਤੋਂ ਨਿਖੇੜਦੀ ਹੈ।
2. ਸਭ ਤੋਂ ਵੱਡੀ ਖਾਮੀ ਇਹ ਹੈ ਕਿ ਦਿਨ-ਬ-ਦਿਨ ਗਿਆਨ ਦੇ ਖੇਤਰ ਵਿੱਚ ਵਾਧਾ ਹੋ ਰਿਹਾ ਹੈ, ਜਿਸ ਨੂੰ ਵਿਸ਼ਾ-ਕੇਂਦਰਤ ਪਾਠਕ੍ਰਮ ਪੂਰਾ ਨਹੀਂ ਕਰ ਪਾਉਂਦਾ।
3. ਖੋਜਾਂ ਇਹ ਦੱਸਦੀਆਂ ਹਨ ਕਿ ਜਿਹੜੇ ਵਿਦਿਆਰਥੀਆਂ ਦੀਆਂ ਸੁਣਨ ਤੇ ਦ੍ਰਿਸ਼ ਕੁਸ਼ਲਤਾਵਾਂ ਚੰਗੀਆਂ ਨਹੀਂ ਹੁੰਦੀਆਂ, ਉਹਨਾਂ ਕੋਲ ਗਤਿਜ ਊਰਜਾ ਤੇ ਸਪਰਸ਼ੀ ਪ੍ਰਭਾਵ ਜ਼ਿਆਦਾ ਹੁੰਦਾ ਹੈ। ਭਾਵ ਅਰਥ

ਇਹ ਹੈ ਕਿ ਇੱਕ ਅਧਿਆਪਕ ਨੂੰ ਜਮਾਤ ਵਿੱਚ ਵੱਖ–ਵੱਖ ਕਿਸਮ ਦੇ ਅਨੁਦੇਸ਼ਨ ਢੰਗ ਅਪਣਾਉਣ ਦੀ ਜ਼ਰੂਰਤ ਹੁੰਦੀ ਹੈ।

4. ਪ੍ਰਤੱਖ ਰੂਪ ਵਿੱਚ, ਵਿਸ਼ਾ–ਕੇਂਦਰਤ ਪਾਠਕ੍ਰਮ ਦਾ ਡਿਜ਼ਾਇਨ ਬਾਕੀ ਡਿਜ਼ਾਇਨਾਂ ਨਾਲੋਂ ਤੁਲਨਾ ਵਿੱਚ ਜ਼ਰੂਰੀ ਦ੍ਰਿੜੀਕਰਨ/ਪੁਸ਼ਟੀਕਰਨ (reinforcement) ਦੀ ਘੱਟ ਵਰਤੋਂ ਕਰਦਾ ਹੈ।

### 2.1.7 ਸਿਖਿਆਰਥੀ ਕੇਂਦਰਤ ਪਾਠਕ੍ਰਮ

ਅਸੀਂ ਇਸ ਗੱਲ ਤੇ ਹੈਰਾਨ ਹੁੰਦੇ ਹੋਵਾਂਗੇ ਕਿ ਸਿੱਖਿਆ ਪ੍ਰਣਾਲੀ ਵਿੱਚ ਵਿਸ਼ਾ–ਕੇਂਦਰਤ ਪਾਠਕ੍ਰਮ ਰਾਹੀਂ ਵਿਦਿਆਰਥੀਆਂ ਨੇ ਆਪਣੀਆਂ ਸਮਰਥਾਵਾਂ ਦਾ ਕਿੰਨਾ ਕੁ ਵਿਕਾਸ ਕੀਤਾ ਹੋਵੇਗਾ। ਸਿਖਿਆਰਥੀ ਕੇਂਦਰਤ ਪਾਠਕ੍ਰਮ ਵਿੱਚ ਸਿੱਖਿਆ ਦਾ ਕੇਂਦਰ ਬਿੰਦੂ ਵਿਦਿਆਰਥੀ ਤੇ ਉਸਦੀਆਂ ਲੋੜਾਂ ਹੀ ਰਹਿੰਦਾ ਹੈ, ਉਹ ਕੀ ਹੈ, ਕੀ ਕਰ ਸਕਦਾ ਹੈ ਅਤੇ ਕੀ ਬਣਨਾ ਚਾਹੁੰਦਾ ਹੈ।

ਅਧਿਆਪਕ ਕੇਵਲ ਵਿਦਿਆਰਥੀਆਂ ਦੀ ਮਦਦ ਲਈ ਹੀ ਉਸਦਾ ਸਹਾਇਕ ਹੁੰਦਾ ਹੈ। ਸਿਖਿਆਰਥੀ ਕੇਂਦਰਤ ਡਿਜ਼ਾਇਨ ਵਿਦਿਆਰਥੀ ਦੀਆਂ ਪੂਰਵ–ਅਨੁਮਾਨਤ ਲੋੜਾਂ ਉੱਤੇ ਅਧਾਰਤ ਹੁੰਦਾ ਹੈ। ਇਹ ਵਿਦਿਆਰਥੀ ਦੇ ਵਿਕਾਸ ਦੇ ਪੱਧਰ ਅਨੁਸਾਰ ਉਸ ਦੀਆਂ ਰੁਚੀਆਂ ਦੇ ਮੁਤਾਬਕ ਹੁੰਦਾ ਹੈ। ਆਮ ਤੌਰ ਉਤੇ ਪਾਠਕ੍ਰਮ ਵਿਦਿਆਰਥੀਆਂ ਨਾਲ ਸੰਬੰਧਤ ਗਤੀਵਿਧੀਆਂ ਜਿਵੇਂ ਖੇਡ ਕਿਰਿਆਵਾਂ, ਕਹਾਣੀ ਸੁਣਾਉਣਾ, ਚਿੱਤਰਕਾਰੀ ਕਰਨਾ ਅਤੇ ਹੋਰ ਕਿਰਿਆਵਾਂ ਨਾਲ ਸਬੰਧਤ ਹੁੰਦਾ ਹੈ। ਇਸ ਤਰ੍ਹਾਂ ਦੇ ਪਾਠਕ੍ਰਮ ਵਿੱਚ ਵਿਸ਼ਾ–ਵਸਤੂ ਗਣਿਤ, ਅੰਗਰੇਜ਼ੀ ਤੇ ਸਾਇੰਸ ਵਰਗੇ ਵਿਸ਼ਿਆਂ ਵਿੱਚ ਨਹੀਂ ਵੰਡਿਆ ਹੁੰਦਾ। ਇਸਦੀ ਬਜਾਇ ਵਿਸ਼ਾ–ਵਸਤੂ ਕਹਾਣੀ, ਖੇਡ ਤੇ ਗਾਉਣਾ ਆਦਿ ਉਸ ਵਿਸ਼ਿਆਂ ਵਿੱਚ ਵੰਡਿਆ ਹੁੰਦਾ ਹੈ। ਤਿੰਨ R ਇਹਨਾਂ ਗਤੀਵਿਧੀਆਂ ਵਿੱਚ ਹੀ ਸੰਮਲਿਤ ਹੁੰਦੇ ਹਨ।

### 2.1.8 ਵਿਸ਼ੇਸ਼ਤਾਵਾਂ ਤੇ ਲਾਭ

1. ਇਸਦਾ ਮੁੱਖ ਉਦੇਸ਼ ਤੇ ਟੀਚਾ ਮਨੁੱਖ ਦਾ ਵਿਕਾਸ ਕਰਨਾ ਹੈ। ਹਰੇਕ ਵਿਦਿਆਰਥੀ ਦੀਆਂ ਸਮਰਥਾਵਾਂ ਨੂੰ ਲੱਭ ਕੇ ਉਸਦਾ ਵਿਕਾਸ ਕਰਨਾ ਅਤੇ ਉਹਨਾਂ ਨੂੰ ਸਮਾਜ ਪ੍ਰਤੀ ਲਾਹੇਵੰਦ ਬਣਾਉਣ ਲਈ ਪ੍ਰੇਰਤ ਕਰਨਾ। ਵਿਦਿਆਰਥੀਆਂ ਕੋਲ ਵਿਸ਼ਿਆਂ ਦੇ ਅਧਿਐਨ ਲਈ ਬਹੁਤ ਸਾਰੇ ਚੋਣ ਵਿਕਲਪ (Choices) ਹੁੰਦੇ ਹਨ। ਅਧਿਆਪਕ ਵਿਦਿਆਰਥੀਆਂ ਨੂੰ ਆਪਣੇ ਕੰਮ ਦਾ ਮੁਲਾਂਕਣ ਕਰਨ ਲਈ ਮਦਦ ਦਿੰਦੇ ਹਨ।
2. ਜਮਾਤ ਵਿੱਚ ਵਿਦਿਆਰਥੀਆਂ ਦੀ ਗਿਣਤੀ ਘੱਟ ਹੁੰਦੀ ਹੈ ਤਾਂ ਕਿ ਅਧਿਆਪਕ ਬੱਚੇ ਨੂੰ ਚੰਗੀ ਤਰ੍ਹਾਂ ਜਾਣ ਸਕੇ ਅਤੇ ਮਾਪਿਆਂ ਦੀ ਵੀ ਮਦਦ ਲਈ ਜਾਂਦੀ ਹੈ ਤਾਂ ਕਿ ਉਹ ਵਿਦਿਆਰਥੀ ਦੀਆਂ ਬੇਸ਼ੁਮਾਰ ਸਮਰਥਾਵਾਂ ਨੂੰ ਵੇਖ ਸਕੇ।
3. ਅਧਿਆਪਕ ਵਿਦਿਆਰਥੀਆਂ ਕੋਲੋਂ ਉਹਨਾਂ ਦੀਆਂ ਰੁਚੀਆਂ, ਰੁਝਾਨ ਦੇ ਪ੍ਰਸ਼ਨ ਪੁੱਛ ਕੇ ਉਸਨੂੰ ਨੋਟ ਕਰਦਾ ਹੈ। ਅਧਿਆਪਕ ਹਰ ਸੰਭਵ ਕੋਸ਼ਿਸ਼ ਕਰਦਾ ਹੈ ਕਿ ਉਹ ਹਰ ਵਿਦਿਆਰਥੀ ਨੂੰ ਪਹਿਲਾਂ ਹੀ ਜਾਣ ਸਕੇ ਅਤੇ ਉਹ ਕੀ ਕਰਦਾ ਹੈ, ਬਾਰੇ ਜਾਣ ਸਕੇ। ਵਿਦਿਆਰਥੀ ਅਕਸਰ ਆਪਣਾ ਸਮਾਂ ਆਪਣੇ ਵੱਲੋਂ ਚੁਣੇ ਹੋਮ ਵਰਕ ਨੂੰ ਕਰਨ ਉੱਤੇ ਬਤੀਤ ਕਰਦੇ ਹਨ।
4. ਜਦੋਂ ਵਿਦਿਆਰਥੀਆਂ ਦੀਆਂ ਸਿਰਜਨਾਤਮਕਤਾ ਨੂੰ ਅਧਿਆਪਕਾਂ ਤੇ ਮਾਪਿਆਂ ਵੱਲੋਂ ਉਜਾਗਰ ਕੀਤਾ ਜਾਂਦਾ ਹੈ ਤਾਂ ਵਿਦਿਆਰਥੀ ਵੀ ਆਪਣੇ ਵੱਲੋਂ ਕੀਤੇ ਕਾਰਜਾਂ ਉਤੇ ਹੈਰਾ ਤੇ ਖੁਸ਼ ਹੁੰਦੇ ਹਨ।
5. ਵਿਦਿਆਰਥੀਆਂ ਦੀਆਂ ਲੋੜਾਂ ਉੱਤੇ ਵੱਧ ਜ਼ੋਰ ਦਿੱਤਾ ਜਾਂਦਾ ਹੈ।

6. ਸੰਬੰਧਤ ਮੁੱਦਿਆਂ ਉੱਤੇ ਵਿਵਹਾਰਕ ਖੋਜ ਕੀਤੀ ਜਾ ਸਕਦੀ ਹੈ।
7. ਪਾਠਕ੍ਰਮ ਨੂੰ ਵਿਕਸਤ ਕਰਨ ਵਿੱਚ ਪਾਠਕ੍ਰਮ ਘੜਨ ਵਾਲੇ ਅਧਿਆਪਕਾਂ ਦੀ ਵਾਸਤਵਿਕ ਭੂਮਿਕਾ ਰਹੀ ਹੈ ਅਤੇ ਭਵਿੱਖ ਵਿੱਚ ਵੀ ਰਹੇਗੀ।
8. ਸੰਦਾਂ (Instruments) ਦੇ ਵਿਕਾਸ ਨਾਲ ਵੀ ਅਧਿਆਪਕ ਨੂੰ ਆਪਣੇ ਕੰਮ ਨੂੰ ਵਧੀਆ ਢੰਗ ਨਾਲ ਕਰਨ ਵਿੱਚ ਮਦਦ ਮਿਲਦੀ ਹੈ।
9. ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਯੂਨੀਵਰਸਿਟੀਆਂ ਅੱਗੇ ਵੀ ਠੋਸ ਮੰਗ ਰੱਖੀ ਜਾਂਦੀ ਹੈ।
10. ਇਹ ਡਿਜ਼ਾਇਨ ਵਿਦਿਆਰਥੀ ਦੀਆਂ ਵਾਸਤਵਿਕ ਜ਼ਰੂਰਤਾਂ ਤੇ ਰੁਚੀਆਂ ਉਤੇ ਆਧਾਰਿਤ ਹੈ। ਅਧਿਆਪਕ ਉਹੀ ਚੋਣ ਕਰਦੇ ਹਨ ਜਿਸਨੂੰ ਉਸਦੇ ਵਿਦਿਆਰਥੀ ਸਿੱਖਣਾ ਚਾਹੁੰਦੇ ਹਨ। ਅਧਿਆਪਕ ਇੱਥੇ ਕੇਵਲ ਗਾਈਡ ਦਾ ਹੀ ਕੰਮ ਕਰਦੇ ਹਨ (ਜਿਵੇਂ ਜਿਥੇ ਲੋੜੀਂਦੀ ਸੂਚਨਾ ਦੀ ਲੋੜ ਹੋਵੇ)। ਸਮੱਸਿਆ ਨੂੰ ਹੱਲ ਕਰਨ ਤੋਂ ਬਾਅਦ ਸਿਖਿਆਰਥੀ ਉਸਦਾ ਪ੍ਰਸਤੁਤੀਕਰਨ ਕਰਦਾ ਹੈ ਅਤੇ ਅਧਿਆਪਕ ਇਸ ਸਮੱਸਿਆ ਉੱਤੇ ਵਿਦਿਆਰਥੀ ਟੈਸਟ ਲੈਂਦਾ ਹੈ।
11. ਇਸ ਡਿਜ਼ਾਇਨ ਨਾਲ ਅਧਿਆਪਕ ਕੋਈ ਪਾਠਕ੍ਰਮ ਦੀ ਯੋਜਨਾ ਨਹੀਂ ਬਣਾਉਂਦਾ ਕਿਉਂਕਿ ਇਸ ਵਿੱਚ ਵਿਦਿਆਰਥੀ ਜੋ ਸਿੱਖਣਾ ਚਾਹੁੰਦਾ ਹੈ, ਆਪ ਡਿਜ਼ਾਇਨ ਤਿਆਰ ਕਰਦਾ ਹੈ।

### 2.1.9 ਆਲੋਚਨਾ

ਸਿਖਿਆਰਥੀ ਕੇਂਦਰਤ ਡਿਜ਼ਾਇਨ ਸਿਖਿਆਰਥੀਆਂ ਦੇ ਬੌਧਿਕ ਵਿਕਾਸ ਨੂੰ ਅਣਗੌਲਿਆਂ ਕਰਦਾ ਹੈ, ਖਾਸ ਕਰਕੇ ਐਲੀਮੈਂਟਰੀ ਜਮਾਤਾਂ ਵਿੱਚ ਜਿੱਥੇ ਬੱਚਿਆਂ ਨੂੰ ਮੁੱਢਲੀ ਸਮਝ ਤੇ ਕੁਸ਼ਲਤਾਵਾਂ ਸਿਖਾਈਆਂ ਜਾਂਦੀਆਂ ਹਨ ਤਾਂ ਕਿ ਉਹ ਸਕੂਲ ਵਿੱਚ ਅਗਲੇ ਪੜਾਅ ਦੀ ਸਿੱਖਿਆ ਲਈ ਤਿਆਰ ਹੋ ਸਕਣ। ਇਸ ਕਰਕੇ ਵੱਡੀਆਂ ਜਮਾਤਾਂ ਵਿੱਚ ਵਿਦਿਆਰਥੀ ਕੇਂਦਰਤ ਡਿਜ਼ਾਇਨ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਇਹ ਸਿੱਖਿਅਕ ਪੱਧਰ ਸਮਾਜ ਜਾਂ ਭਾਈਚਾਰੇ ਦੇ ਪ੍ਰੋਗਰਾਮਾਂ ਰਾਹੀਂ ਸਮਾਜ-ਕੇਂਦਰਤ ਡਿਜ਼ਾਇਨ ਲਈ ਵਿਸ਼ਾਲ ਘੇਰੇ ਦੇਰ ਡਿਜ਼ਾਇਨ ਦਾ ਅਨੁਬੰਧ ਵੀ ਦੇ ਸਕਦਾ ਹੈ। ਇਸ ਤੋਂ ਇਹ ਜਾਹਰ ਹੁੰਦਾ ਹੈ ਕਿ ਪਾਠਕ੍ਰਮ ਵੱਖ-ਵੱਖ ਡਿਜ਼ਾਇਨਾਂ ਦਾ ਸੁਮੇਲ ਹੋ ਸਕਦਾ ਹੈ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਪਾਠਕ੍ਰਮ ਵਿਕਾਸ ਦੇ ਰਿਵਾਇਤੀ ਮਾਡਲ ਤੋਂ ਤੁਸੀ ਕੀ ਸਮਝਦੇ ਹੋ?

..........................................................................................................

..........................................................................................................

2. ਸਿਖਿਆਰਥੀ ਕੇਂਦਰਿਤ ਪਾਠਕ੍ਰਮ ਦੀਆਂ ਕੀ ਸੀਮਾਵਾਂ ਹਨ?

..........................................................................................................

..........................................................................................................

### 2.1.10 ਵਿਸ਼ਾ ਸੰਗਠਨ

ਵਿਸ਼ਾ ਸੰਗਠਨ ਦਾ ਉਦੇਸ਼ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਮੁਤਾਬਕ ਲੋੜੀਂਦੇ ਵਿਸ਼ੇ ਇਕੱਠੇ ਕਰਨਾ ਅਤੇ ਉਹਨਾਂ ਦਾ ਸੰਗਠਨ ਕਰਨਾ ਹੈ। ਇਹ ਪ੍ਰਕਿਰਿਆ "hand in glove (together)" ਨਾਲ ਸੰਬੰਧਤ ਹੈ। ਜਿਸ ਵਿੱਚ ਵਿਦਿਆਰਥੀਆਂ ਦੀ ਜਮਾਤ ਤੇ ਉਹਨਾਂ ਦੇ ਪੱਧਰ ਨੂੰ ਵੀ ਪਰਿਭਾਸ਼ਤ ਕੀਤਾ ਜਾਂਦਾ ਹੈ। ਇਹਨਾਂ ਪ੍ਰਕਿਰਿਆਵਾਂ ਦੀ ਮੰਗ ਹੈ ਕਿ ਤੁਸੀਂ ਵਿਸ਼ੇ ਦੇ ਉਦੇਸ਼ਾਂ ਨੂੰ ਪਰਿਭਾਸ਼ਤ ਕਰ ਲਿਆ ਹੈ।

**ਕੋਰਸ ਦੇ ਵਿਸ਼ੇ ਦੀ ਚੋਣ ਤੇ ਸੰਗਠਨ :**

ਜੇਕਰ ਤੁਸੀਂ ਕੋਰਸ ਦੇ ਡਿਜ਼ਾਇਨ ਉੱਤੇ ਕੰਮ ਕਰ ਰਹੇ ਹੋ ਤਾਂ ਸਭ ਤੋਂ ਪਹਿਲਾਂ ਕੰਮ ਹੈ ਵਿਸ਼ੇ ਦੀ ਚੋਣ ਕਰਨਾ ਅਤੇ ਫੇਰ ਉਸ ਦਾ ਸੰਗਠਨ ਕਰਨਾ। ਜਿਸ ਤਰ੍ਹਾਂ ਦਾ ਵੀ ਕੇਸ ਹੋਵੇ, ਜਿਸ ਵਿਸ਼ੇ ਨੂੰ ਅਸੀਂ ਕੋਰਸ ਵਿੱਚ ਪੂਰਾ ਕਰਨਾ ਹੈ, ਜਿੰਨਾ ਵੀ ਉਸ ਬਾਰੇ ਕਰ ਸਕਦੇ ਹਾਂ, ਕਰਨਾ ਚਾਹੀਦਾ ਹੈ। ਕੋਰਸ ਵਿੱਚ ਵਿਦਿਆਰਥੀਆਂ ਨੇ ਜੇਕਰ ਹਰ ਹਫਤੇ 8-10 ਘੰਟੇ ਲਾਉਣੇ ਹਨ, ਤਾਂ ਅਸੀਂ ਕਿਵੇਂ ਫੈਸਲਾ ਕਰਾਂਗੇ? ਹੇਠਾਂ ਕੁਝ ਨੁਕਤੇ ਹਨ, ਜਿਹਨਾਂ ਦੀ ਮਦਦ ਨਾਲ ਅਸੀਂ ਕੰਮ ਨੂੰ ਪੂਰਾ ਕਰ ਸਕਦੇ ਹਾਂ।

ੳ) **ਵਿਸ਼ੇ ਨੂੰ ਲੱਭਣਾ :**

- ਜੇਕਰ ਕੋਰਸ ਪਹਿਲਾਂ ਤੋਂ ਚੱਲ ਰਿਹਾ ਹੈ, ਤਾਂ ਆਪਣੇ ਵਿਭਾਗ ਵਿੱਚੋਂ ਪੁਰਾਣਾ ਸਿਲੇਬਸ ਵੇਖੋ। ਆਪਣੀ ਸੰਸਥਾ ਵਿੱਚੋਂ ਕੋਰਸ ਦਾ ਕੈਲੰਡਰ ਦੇਖੋ ਅਤੇ ਕੋਰਸ ਦਾ ਵਿਵਰਣ ਪੜ੍ਹੋ।
- ਜੇਕਰ ਕੋਰਸ ਨਵਾਂ ਹੈ ਤਾਂ ਉਸ ਕੋਰਸ ਨਾਲ ਸੰਬੰਧਤ ਸੰਸਥਾਵਾਂ ਦਾ ਪਤਾ ਲਗਾਉ। ਆਪਣੇ ਸਹਿ-ਕਰਮੀਆਂ ਨਾਲ ਵਿਚਾਰ-ਵਟਾਂਦਰਾ ਕਰੋ ਅਤੇ ਵੈਬਸਾਈਟਾਂ ਦੀ ਮਦਦ ਲਉ।
- ਕੋਰਸ ਦੇ ਅਨੁਸ਼ਾਸਨ ਨਾਲ ਸਬੰਧਤ ਪਾਠ-ਪੁਸਤਕਾਂ ਦਾ ਰਿਵਿਊ/ਸਮੀਖਿਆ ਕਰੋ। ਇਹ ਸੰਭਵਤ ਵਿਸ਼ੇ ਨੂੰ ਲੱਭਣ ਤੇ ਪੂਰਾ ਕਰਨ ਦਾ ਸੌਖਾ ਢੰਗ ਹੈ। ਪ੍ਰਕਾਸ਼ਕ ਸਮੀਖਿਆ ਲਈ ਪਾਠ-ਸਮਗਰੀ ਭੇਜ ਦੇਣਗੇ ਪਰੰਤੂ ਇਸ ਦੌਰਾਨ ਇਹ ਵੀ ਗੱਲ ਚੇਤੇ ਰਖਣੀ ਚਾਹੀਦੀ ਹੈ ਕਿ ਵਿਦਿਆਰਥੀਆਂ ਦੀਆਂ ਯੋਗਤਾਵਾਂ ਕੀ ਹਨ, ਪੁਰਾਣਾ ਤਜ਼ਰਬਾ ਕੀ ਹੈ ਅਤੇ ਸਮੇਂ ਦੀ ਸੀਮਾ ਕੀ ਹੈ।
- ਜੇਕਰ ਪਾਠ ਪੁਸਤਕਾਂ ਉਪਲਬਧ ਨਹੀਂ ਹਨ ਜਾਂ ਢੁਕਵੀਆਂ ਨਹੀਂ ਹਨ ਤਾਂ ਪੜ੍ਹਨ ਸਮਗਰੀ ਨੂੰ ਇਕੱਠਾ ਕੀਤਾ ਜਾ ਸਕਦਾ ਹੈ ਜਾਂ ਨੋਟਸ ਤਿਆਰ ਕੀਤੇ ਜਾ ਸਕਦੇ ਹਨ। ਇਸ ਤਰ੍ਹਾਂ ਦੇ ਸਰੋਤਾਂ ਨੂੰ ਸੰਪਾਦਨ ਕਰਨ ਜਾਂ ਲਿਖਣ ਵਿੱਚ ਕਾਫੀ ਸਮਾਂ ਲੱਗ ਜਾਂਦਾ ਹੈ। ਸੋ ਇਸ ਕੰਮ ਲਈ ਕੁਝ ਮਹੀਨੇ ਰੱਖ ਲੈਣੇ ਚਾਹੀਦੇ ਹਨ। ਇਸ ਸਮੇਂ ਇਸ ਗੱਲ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ ਕਿ ਕਾਪੀਰਾਈਟ ਹੋਈ ਸਮੱਗਰੀ ਪਹੁੰਚੇ।

ਅ) **ਵਿਸ਼ੇ ਦੀ ਚੋਣ ਕਰਨਾ :**

- ਕੋਰਸ ਲਈ ਯੋਗ ਤੇ ਢੁਕਵੇਂ ਵਿਸ਼ੇ ਦੀ ਚੋਣ ਲਈ ਕੁਝ ਮਾਪਦੰਡ ਦੀਆਂ ਕਿਸਮਾਂ ਤਿਆਰ ਕਰ ਲਉ। ਕੋਰਸ ਡਿਜ਼ਾਇਨ ਦਾ ਸਾਹਿਤ ਹੇਠ ਲਿਖੇ ਮਾਪਦੰਡਾਂ ਦੀ ਸਲਾਹ ਦਿੰਦਾ ਹੈ। ਕੋਰਸ ਦੇ ਵਿਸ਼ੇ ਵਿੱਚ ਹੇਠ ਲਿਖੇ ਨੁਕਤੇ ਹੋਣੇ ਚਾਹੀਦੇ ਹਨ :-
- ਕੋਰਸ ਦੇ ਸਿਖਣ-ਉਦੇਸ਼ਾਂ ਮੁਤਾਬਕ ਢੁਕਵਾਂ ਹੋਵੇ।
- Discipline ਵਿੱਚ ਮਹੱਤਵ ਰੱਖਦਾ ਹੋਵੇ।
- ਖੋਜ ਉਤੇ ਆਧਾਰਤ ਜਾਂ ਸੰਬੰਧਤ ਹੋਵੇ।
- ਵਿਦਿਆਰਥੀਆਂ ਦੀਆਂ ਰੁਚੀਆਂ ਮੁਤਾਬਕ ਹੋਵੇ।
- ਵਿਦਿਆਰਥੀਆਂ ਦੇ ਪੁਰਾਣੇ ਸਿਖੇ ਹੋਏ ਗਿਆਨ ਨੂੰ ਦੁਹਰਾਉਂਦਾ ਨਾ ਹੋਵੇ।
- ਬਹੁ-ਵਿਹਾਰਕ ਹੋਵੇ (ਇਕ ਧਾਰਨਾ, ਕੁਸ਼ਲਤਾ ਜਾਂ ਸਮਸਿਆ ਦੇ ਸਿਖਣ ਤੋਂ ਵੱਧ ਹੋਵੇ)।
- ਅਰਥ ਲੱਭਣ ਲਈ ਉਤਸ਼ਾਹਤ ਕਰੇ।
- ਹੋਰ ਜਾਂਚ ਤੇ ਪਰਖਣ ਲਈ ਉਤੇਜਤ ਕਰੇ।
- ਧਾਰਨਾਵਾਂ ਦਾ ਅੰਤਰ-ਸੰਬੰਧ ਪ੍ਰਗਟ ਕਰੇ।

ਇਸ ਗੱਲ ਉਤੇ ਵੀ ਵਿਚਾਰ ਕੀਤਾ ਜਾਵੇ ਕਿ ਪਾਠ–ਸਮੱਗਰੀ ਨੂੰ ਕਿਵੇਂ ਵਿਵਸਥਤ ਕੀਤਾ ਜਾਵੇ ਕਿ ਵਿਦਿਆਰਥੀ ਸਿੱਖ ਵੀ ਲੈਣ ਅਤੇ ਉਸਨੂੰ ਯਾਦ ਵੀ ਰੱਖ ਸਕਣ। ਸਿੱਖਣ ਦੇ ਢੰਗਾਂ ਦੀਆਂ ਵੱਖ–ਵੱਖ ਫਿਲਾਸਫੀਆਂ ਹਨ। ਕੁਝ ਵਿਹਾਰ ਇਸ ਤਰ੍ਹਾਂ ਹਨ :–

- ਵਿਦਿਆਰਥੀ ਨੂੰ ਉਥੋਂ ਸਿਖਾਉਣਾ ਸ਼ੁਰੂ ਕਰੋ ਜਿਸਨੂੰ ਉਹ ਪਹਿਲਾਂ ਤੋਂ ਜਾਣਦਾ ਹੈ ਅਤੇ ਫੇਰ ਸੂਖਮ ਮਾਡਲ ਜਾਂ ਸਿਧਾਂਤ ਵੱਲ ਵਧੇ।
- ਸਥੂਲ ਉਦਾਹਰਨਾਂਦੀ ਵਰਤੋਂ ਪਹਿਲਾਂ ਕਰੋ ਜਿਵੇਂ ਖਬਰਾਂ, ਸਥਿਤੀਆਂ ਤੇ ਹੋਰ ਸੰਸਾਰਕ ਗੱਲਾਂ, ਖਬਰਾਂ ਆਦਿ ਅਤੇ ਫੇਰ ਸੂਖਮ ਧਾਰਨਾਵਾਂ ਦੀ ਗੱਲ ਕਰੇ।
- ਪੜ੍ਹਾਉਣ ਵੇਲੇ ਪਹਿਲਾਂ ਕੱਢੇ ਗਏ ਹੱਲ, ਨਤੀਜੇ ਜਾਂ ਤਿਆਰ ਕੀਤੇ ਹੋਏ ਮਾਡਲਾਂ ਦੀ ਗੱਲ ਕਰੋ ਅਤੇ ਫੇਰ ਪਿੱਛੇ ਵੱਲ ਪ੍ਰਸ਼ਨ ਤੱਕ ਵਧੋ।
- ਵਿਦਿਆਰਥੀਆਂ ਨੂੰ ਨਿੱਜੀ ਤੌਰ ’ਤੇ ਜਾਂ ਸਮੂਹਕ ਵਿਚਾਰ ਵਟਾਂਦਰੇ ਦੇ ਰੂਪ ਵਿੱਚ ਚਿੰਤਨ ਕਰਨ ਦਾ ਸਮਾਂ ਦਿਉ ਕਿ ਉਹਨਾਂ ਨੇ ਕੀ ਅਤੇ ਕਿਵੇਂ ਸਿੱਖਿਆ ਹੈ।
- ਜਮਾਤ ਵਿੱਚ ਜਾਂ ਕਾਰਜ ਸੌਂਪਣੀਆਂ (Assignments) ਦੇ ਰੂਪ ਵਿੱਚ ਬੱਚਿਆਂ ਨੂੰ ਅਭਿਆਸ ਲਈ ਸਮਾਂ ਦਿਉ ਤਾਂ ਕਿ ਸਮੱਸਿਆ ਨੂੰ ਹੱਲ ਕਰ ਸਕਣ ਅਤੇ ਉਹਨਾਂ ਤੋਂ ਪ੍ਰਤੀਪੁਸ਼ਟੀ (Feedback) ਵੀ ਲੈਣੀ ਚਾਹੀਦੀ ਹੈ।

**2.1.12 ਪਾਠਕ੍ਰਮ ਦੀ ਵਿਸ਼ਾ–ਸਮੱਗਰੀ ਦੀ ਚੋਣ ਲਈ ਸੱਤ ਪ੍ਰਕਾਰ ਦੇ ਮਾਪਦੰਡ :**

ਸੂਖਮ ਪਾਠਕ੍ਰਮ ਵਿੱਚ ਵਿਸ਼ਾ–ਸਮੱਗਰੀ ਦੀ ਚੋਣ ਲਈ ਹੇਠ ਲਿਖੇ ਸੱਤ ਪ੍ਰਕਾਰ ਦੇ ਮਾਪਦੰਡ ਹਨ। ਕੋਰਸ ਦੇ ਦੀਰਘ ਪਾਠਕ੍ਰਮ ਲਈ ਵਿਸ਼ਿਆਂ ਦੀ ਲੋੜ ਪੈਂਦੀ ਹੈ।

1. ਆਤਮ–ਵਿਸ਼ਵਾਸ :

Bilbao ਤੇ ਹੋਰਨਾਂ ਵਿਦਵਾਨਾਂ ਦੇ ਹਵਾਲੇ ਨਾਲ ਸਿਖਿਆਰਥੀਆਂ ਦੀ ਮਦਦ ਲਈ ਵਿਸ਼ਾ ਸਮੱਗਰੀ ਦੀ ਚੋਣ ਕਰਨ ਲਈ ਆਤਮ ਵਿਸ਼ਵਾਸ ਇੱਕ ਮੁੱਖ ਅਗਵਾਈ ਦੇਣ ਵਾਲਾ ਸਿਧਾਂਤ ਹੈ (Scheffler, 1970) ਇਸ ਵਿੱਚ ਅਧਿਆਪਕ ਵੱਲੋਂ ਘੱਟ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ ਅਤੇ ਸਿਖਿਅਕ ਸਰੋਤਾਂ ਦੀ ਵੀ ਘੱਟ ਵਰਤੋਂ ਕੀਤੀ ਜਾਂਦੀ ਹੈ ਪਰੰਤੂ ਇਸ ਨਾਲ ਵਿਦਿਆਰਥੀ ਵੱਧ ਨਤੀਜੇ ਪ੍ਰਾਪਤ ਕਰਦੇ ਹਨ। ਉਹਨਾਂ ਦੀਆਂ ਸਿੱਖਣ ਪ੍ਰਾਪਤੀਆਂ ਪ੍ਰਭਾਵਸ਼ਾਲੀ ਹੁੰਦੀਆਂ ਹਨ।

ਇਸ ਮਾਪਦੰਡ ਦਾ ਅਰਥ ਹੈ ਕਿ ਵਿਦਿਆਰਥੀਆਂ ਨੂੰ ਪ੍ਰਯੋਗ ਕਰਨ ਦੇ ਮੌਕੇ ਦੇਣੇ ਚਾਹੀਦੇ ਹਨ, ਉਹ ਇਸ ਦਾ ਨਿਰੀਖਣ ਕਰਨ ਅਤੇ ਕਾਰਜ ਖੇਤਰ ਦਾ ਅਧਿਐਨ ਕਰਨ। ਇਸ ਪ੍ਰਣਾਲੀ ਰਾਹੀਂ ਵਿਦਿਆਰਥੀਆਂ ਨੂੰ ਸੁਤੰਤਰ ਰੂਪ ਵਿੱਚ ਸਿੱਖਣ ਦੇ ਮੌਕੇ ਮਿਲਦੇ ਹਨ।

ਇਸ ਸਿਧਾਂਤ ਨੂੰ ਦਿਮਾਗ ਵਿੱਚ ਰੱਖਦੇ ਹੋਏ ਇਹ ਸਲਾਹ ਦਿੱਤੀ ਜਾਂਦੀ ਹੈ ਕਿ ਹਾਈ ਸਕੂਲ ਦੇ ਪਾਠਕ੍ਰਮ ਲਈ ਹਰ ਹਫਤੇ ਵਿੱਚ ਇੱਕ ਦਿਨ ਸੁਤੰਤਰ ਰੂਪ ਵਿੱਚ ਸਿੱਖਣ ਦੀ ਗਤੀਵਿਧੀ ਹੋਣੀ ਚਾਹੀਦੀ ਹੈ। ਪਰੰਤੂ ਅਧਿਆਪਕ ਵੱਲੋਂ ਇਸਨੂੰ ਧਿਆਨਪੂਰਵਕ ਯੋਜਨਾਬੱਧ ਕਰਨਾ ਚਾਹੀਦਾ ਹੈ। ਜਦੋਂ ਵਿਦਿਆਰਥੀ ਇਸ ਤੋਂ ਪਰਤਣ ਤਾਂ ਜਮਾਤ ਵਿੱਚ ਆ ਕੇ ਉਹਨਾਂ ਨੂੰ ਆਪਣੀਆਂ ਪ੍ਰਾਪਤੀਆਂ ਦੱਸਣੀਆਂ ਚਾਹੀਦੀਆਂ ਹਨ।

2. ਮਹੱਤਵ ਭਰਪੂਰ :

ਸਿੱਖਣ ਗਤੀਵਿਧੀਆਂ, ਕੁਸ਼ਲਤਾਵਾਂ, ਕਿਰਿਆਵਾਂ ਤੇ ਰੁਝਾਨਾਂ ਦੇ ਵਿਕਾਸ ਲਈ ਜਿਹੜੀ ਵਿਸ਼ਾ–ਸਮੱਗਰੀ ਦੀ ਚੋਣ ਤੇ ਵਿਵਸਥਾ ਕੀਤੀ ਗਈ ਹੈ, ਉਹ ਮਹੱਤਵਪੂਰਨ ਹੋਣੀ ਚਾਹੀਦੀ ਹੈ। ਇਸ ਨਾਲ ਵਿਦਿਆਰਥੀਆਂ ਦੇ ਸਿਖਣ ਦੇ ਤਿੰਨਾਂ ਖੇਤਰਾਂ ਭਾਵ ਗਿਆਨਾਤਮਕ, ਭਾਵਾਤਮਕ ਤੇ ਗਤੀਆਤਮਕ ਖੇਤਰਾਂ ਦਾ

ਵਿਕਾਸ ਹੁੰਦਾ ਹੈ ਅਤੇ ਸਿਖਿਆਰਥੀ ਦੇ ਸੱਭਿਆਚਾਰਕ ਪੱਖਾਂ ਨੂੰ ਵੀ ਵਿਚਾਰ ਵਿੱਚ ਲਿਆ ਜਾਂਦਾ ਹੈ। ਵਿਸ਼ੇਸ਼ ਕਰਕੇ ਜੇਕਰ ਵਿਦਿਆਰਥੀ ਵੱਖ–ਵੱਖ ਸਭਿਆਚਾਰਕ ਪਿਛੋਕੜਾਂ ਤੋਂ ਆ ਰਹੇ ਹਨ ਤਾਂ ਵਿਸ਼ਾ–ਸਮੱਗਰੀ ਸਭਿਆਚਾਰਕ ਸੰਵੇਦਨਸ਼ੀਲ ਹੋਵੇਗੀ। ਸੰਖੇਪ ਵਿੱਚ ਵਿਸ਼ਾ–ਸਮੱਗਰੀ ਦੀ ਚੋਣ ਪਾਠਕ੍ਰਮ ਦੇ ਸਰਵਪੱਖੀ ਉਦੇਸ਼ਾਂ ਨੂੰ ਪੂਰਾ ਕਰ ਸਕਦੀ ਹੈ।

3. **ਵੈਧਤਾ :**

ਵੈਧਤਾ ਦਾ ਸੰਬੰਧ ਚੁਣੇ ਗਏ ਵਿਸ਼ੇ–ਵਸਤੂ ਦੀ ਪ੍ਰਮਾਣਿਕਤਾ ਨਾਲ ਹੈ। ਇਹ ਯਕੀਨੀ ਕਰ ਲੈਣਾ ਚਾਹੀਦਾ ਹੈ ਕਿ ਵਿਸ਼ੇ ਅਪ੍ਰਚਲਤ ਜਾਂ ਪੁਰਾਣੇ ਨਾ ਹੋਣ।

ਉਦਾਹਰਨ ਵਜੋਂ ਕਾਲਜ ਦੇ ਵਿਦਿਆਰਥੀਆਂ ਲਈ ਟਾਈਪ ਸਿੱਖਣ ਦੀ ਕਲਾ ਨੂੰ ਸ਼ਾਮਲ ਨਾ ਕੀਤਾ ਜਾਵੇ ਕਿਉਂਕਿ ਹੁਣ ਕੰਪਿਊਟਰ ਤੇ ਸੂਚਨਾ ਤਕਨਾਲੋਜੀ ਦਾ ਜ਼ਮਾਨਾ ਹੈ।

ਇਸ ਲਈ ਉਹ ਜ਼ਰੂਰਤ ਹੈ ਕਿ ਨਿਯਮਤ ਰੂਪ ਵਿੱਚ ਇਹ ਦੇਖ ਲਿਆ ਜਾਵੇ ਕਿ ਕਿਸੇ ਵਿਸ਼ਾ ਵਸਤੂ ਨੂੰ ਬਦਲਣ ਦੀ ਲੋੜ ਹੈ ਜਾਂ ਨਹੀਂ। ਪੰਜ ਸਾਲਾਂ ਬਾਅਦ ਬਦਲਣ ਲਈ ਇੰਤਜ਼ਾਰ ਨਹੀਂ ਕਰਨਾ ਚਾਹੀਦਾ।

ਨਵੀਨ ਪਾਠਕ੍ਰਮ ਮਾਹਰ ਚਲੰਤ ਰੁਝਾਨਾਂ ਤੇ ਪ੍ਰਮਾਣਿਕਤਾ ਨੂੰ ਦੇਖਦੇ ਹਨ, ਨਹੀਂ ਤਾਂ ਸਕੂਲ ਤੇ ਦੇਸ਼ ਪੁਰਾਣੇ ਵਿਚਾਰਾਂ ਤੱਕ ਹੀ ਸੀਮਤ ਰਹਿ ਜਾਵੇਗਾ।

4. **ਰੁਚੀ :**

ਇਹ ਮਾਪਦੰਡ ਸਿਖਿਆਰਥੀ ਕੇਂਦਰਤ ਪਾਠਕ੍ਰਮ ਲਈ ਸਹੀ ਹਨ। ਵਿਦਿਆਰਥੀ ਵੱਧ ਵਧੀਆ ਸਿੱਖਦੇ ਹਨ ਜਦੋਂ ਵਿਸ਼ਾ–ਵਸਤੂ ਉਹਨਾਂ ਲਈ ਅਰਥ–ਭਰਪੂਰ ਹੋਵੇ। ਵਿਸ਼ਾ–ਵਸਤੂ ਅੰਨਦਦਾਇਕ ਹੋਵੇ ਤਾਂ ਉਹ ਉਹਨਾਂ ਲਈ ਅਰਥ–ਭਰਪੂਰ ਬਣ ਜਾਂਦਾ। ਜੇਕਰ ਪਾਠਕ੍ਰਮ ਵਿਸ਼ਾ–ਕੇਂਦਰਤ ਹੋਵੇ ਤਾਂ ਅਧਿਆਪਕ ਕੋਲ ਕਿਤਾਬ ਵਿੱਚ ਮੌਜੂਦ ਸਮੱਗਰੀ ਨੂੰ ਪੜ੍ਹਾਉਣ ਤੇ ਪੂਰਾ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ। ਇਹ ਪਹੁੰਚ ਵਿਆਖਿਆ ਕਰਦੀ ਹੈ ਕਿ ਵਿਸ਼ੇ ਵਿੱਚ ਕਿੰਨੇ ਤੇ ਕਿਉਂ ਅਸਫਲ ਰਹੇ।

5. **ਉਪਯੋਗਤਾ :**

ਇਕ ਹੋਰ ਮਾਪਦੰਡ ਵਿਸ਼ਾ–ਸਮੱਗਰੀ ਦੀ ਉਪਯੋਗਤਾ ਦਾ ਹੈ। ਵਿਦਿਆਰਥੀ ਸੋਚਦੇ ਹਨ ਕਿ ਵਿਸ਼ਾ–ਸਮੱਗਰੀ ਜਾਂ ਕੁਝ ਵਿਸ਼ੇ ਉਹਨਾਂ ਲਈ ਮਹੱਤਵਪੂਰਨ ਨਹੀਂ ਹਨ। ਉਹ ਇਹਨਾਂ ਨੂੰ ਬੇਕਾਰ ਸਮਝਦੇ ਹਨ। ਇਸ ਕਰਕੇ ਉਹ ਇਹਨਾਂ ਨੂੰ ਪੜ੍ਹਦੇ ਵੀ ਨਹੀਂ।

ਇਥੇ ਕੁਝ ਪ੍ਰਸ਼ਨ ਹਨ ਕਿ ਵਿਦਿਆਰਥੀ ਅਕਸਰ ਕੀ ਪੁਛਦੇ ਹਨ? ਕੀ ਮੈਨੂੰ ਨੌਕਰੀ ਲਈ ਇਸ ਵਿਸ਼ੇ ਦੀ ਲੋੜ ਹੈ? ਕੀ ਇਸ ਦਾ ਮੇਰੀ ਜ਼ਿੰਦਗੀ ਨਾਲ ਕੋਈ ਸੰਬੰਧ ਹੈ? ਕੀ ਇਹ ਮੇਰੀਆਂ ਸਮਰਥਾਵਾਂ ਦਾ ਵਿਕਾਸ ਕਰੇਗੀ? ਕੀ ਇਹ ਮੇਰੀਆਂ ਸਮੱਸਿਆਵਾਂ ਦਾ ਹੱਲ ਕਰੇਗੀ? ਕੀ ਇਹ ਟੈਸਟ ਦਾ ਹਿੱਸਾ ਬਣੇਗੀ? ਜੇਕਰ ਮੈਂ ਇਸ ਨੂੰ ਸਿੱਖਦਾ ਹਾਂ ਤਾਂ ਇਹ ਮੈਨੂੰ ਕੀ ਪਾਸ ਕਰ ਦੇਵੇਗੀ?

ਵਿਦਿਆਰਥੀ ਉਸ ਵਿਸ਼ੇ ਜਾਂ ਵਿਸ਼ਾ–ਸਮੱਗਰੀ ਹੀ ਮੁੱਲ ਪਾਉਂਦੇ ਹਨ। ਜਿਹੜਾ ਉਹਨਾਂ ਨੂੰ ਲੱਗਦਾ ਹੈ ਕਿ ਇਹ ਉਸ ਲਈ ਉਪਯੋਗੀ ਹੈ।

6. **ਸਿੱਖਣ ਯੋਗਤਾ :**

ਵਿਸ਼ਾ–ਸਮੱਗਰੀ ਸਿਖਿਆਰਥੀ ਦੇ ਦਾਇਰੇ ਵਿੱਚ ਹੋਣੀ ਚਾਹੀਦੀ ਹੈ। ਇਹ ਵਿਦਿਆਰਥੀਆਂ ਦੇ ਤਜ਼ਰਬਿਆਂ ਨਾਲ ਸਬੰਧਤ ਹੋਣੀ ਚਾਹੀਦੀ ਹੈ। ਅਧਿਆਪਕਾਂ ਨੂੰ ਮਨੋਵਿਗਿਆਨ ਦੇ ਸਿਧਾਤਾਂ ਦਾ ਗਿਆਨ ਹੋਣਾ ਚਾਹੀਦਾ ਕਿ ਵਿਸ਼ਾ–ਵਸਤੂ ਨੂੰ ਕਿਵੇਂ ਪ੍ਰਸਤੁਤ ਕਰਨਾ ਹੈ, ਵਿਉਂਤਬੱਧ ਕਰਨਾ ਤੇ ਸੰਗਠਿਤ ਕਰਨਾ ਹੈ ਤਾਂ ਕਿ ਵਿਦਿਆਰਥੀਆਂ ਦੀ ਸਿੱਖਣ–ਸਮੱਰਥਾ ਨੂੰ ਵਧਾਇਆ ਜਾ ਸਕੇ।

7. ਵਿਹਾਰਕਤਾ :

ਵਿਹਾਰਕਤਾ ਦਾ ਅਰਥ ਹੈ ਵਿਸ਼ਾ-ਸਮੱਗਰੀ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਹੈ। ਸਧਾਰਨ ਤੌਰ ਉੱਤੇ ਸਕੂਲ, ਸਰਕਾਰ ਤੇ ਸਮਾਜ ਦੀ ਅਸਲ ਸਥਿਤੀ ਵਿਖਾਣੀ ਚਾਹੀਦੀ ਹੈ। ਵਿਦਿਆਰਥੀਆਂ ਨੂੰ ਮਿਲੇ ਹੋਏ ਸਮੇਂ ਵਿੱਚ ਅਤੇ ਉਪਲਬਧ ਸਰੋਤਾਂ ਰਾਹੀਂ ਸਿੱਖਣਾ ਪਵੇਗਾ। ਅਜਿਹਾ ਉਪ ਵਿਸ਼ਾ ਨਹੀਂ ਦੇਣਾ ਚਾਹੀਦਾ ਕਿ ਉਸ ਨੂੰ ਸੰਭਵ ਸਮੇਂ ਵਿੱਚ ਖਤਮ ਕਰਨਾ ਔਖਾ ਹੋਵੇ।

ਉਦਾਹਰਨ ਦੇ ਤੌਰ ਉਤੇ ਤੁਹਾਡੇ ਕੋਲ ਯੂਨਿਟ ਖਤਮ ਕਰਨ ਲਈ ਇੱਕ ਹਫਤਾ ਬਾਕੀ ਹੈ, ਪਰ ਚੁਣੀਆਂ ਗਤੀਵਿਧੀਆਂ ਨੂੰ ਇੱਕ ਮਹੀਨਾ ਚਾਹੀਦਾ ਹੈ ਤਾਂ ਇਹ ਵਿਹਾਰਕਤਾ ਨਹੀਂ ਹੋਵੇਗੀ।

- ਜਿਸ ਖੇਤਰ ਵਿੱਚ ਬਿਜਲੀ ਨਹੀਂ ਹੈ ਜਾਂ ਕੰਪਿਊਟਰ ਨਹੀਂ ਹਨ, ਉੱਥੇ ਕੰਪਿਊਟਰ ਵਿਸ਼ੇ ਦੀ ਪੇਸ਼ਕਸ਼ ਨਹੀਂ ਕਰਨੀ ਚਾਹੀਦੀ।
- ਇਸ ਤੋਂ ਇਲਾਵਾ ਵਿਹਾਰਕਤਾ ਦਾ ਅਰਥ ਹੈ ਵਿਸ਼ੇ ਨਾਲ ਸੰਬੰਧਿਤ ਮਾਹਰ ਅਧਿਆਪਕ ਵੀ ਹੋਣੇ ਚਾਹੀਦੇ ਹਨ। ਉਦਾਹਰਨ ਵਜੋਂ Business Communication ਲਈ ਅੰਗਰੇਜ਼ੀ ਦੀ ਪੇਸ਼ਕਸ਼ ਨਹੀਂ ਕਰਨੀ ਚਾਹੀਦੀ ਜੇਕਰ ਅੰਗਰੇਜ਼ੀ ਲਈ ਕੋਈ ਅਧਿਆਪਕ ਨਹੀਂ ਹੈ।
- ਵਿਦਿਆਰਥੀਆਂ ਦੇ ਸੁਭਾਅ ਨੂੰ ਵਿਚਾਰਨ ਦੀ ਵੀ ਲੋੜ ਹੈ। ਵਿਸ਼ਾ-ਸਮੱਗਰੀ ਦਾ ਸੰਗਠਨ ਤੇ ਡਿਜ਼ਾਇਨ ਵਿਦਿਆਰਥੀਆਂ ਦੇ ਸੁਭਾਅ ਦੇ ਅਨੁਕੂਲ ਹੋਣਾ ਚਾਹੀਦਾ ਹੈ।

**ਛੋਟੇ ਉੱਤਰਾਂ ਵਾਲੇ ਪ੍ਰਸ਼ਨ**

1. ਪਾਠਕ੍ਰਮ ਲਈ ਵਿਸ਼ਾ-ਸਮੱਗਰੀ ਦੇ ਸੰਦਰਭ ਵਿੱਚ ਵੈਧਤਾ ਦਾ ਕੀ ਅਰਥ ਹੈ?

   ..................................................................................................................

   ..................................................................................................................

2. ਪਾਠਕ੍ਰਮ ਲਈ ਵਿਸ਼ਾ-ਸਮੱਗਰੀ ਦੀ ਚੋਣ ਕਰਨ ਸਮੇਂ ਕਿਹੜੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ?

   ..................................................................................................................

   ..................................................................................................................

## 2.1.13 ਸਾਰਾਸ਼

ਪਾਠਕ੍ਰਮ ਵਿਕਾਸ ਵਿਭਿੰਨ ਪਹੁੰਚਾਂ ਨੂੰ ਵਰਤਦਾ ਹੈ, ਜਿਸ ਵਿਚ ਵਿਸ਼ਾ ਕੇਦਰਿਤ ਪਰੰਪਰਾਗਤ ਮਾਡਲ, ਵਿਅਕਤੀਗਤ ਲੋੜਾਂ ਲਈ ਤਿਆਰ ਕੀਤੇ ਗਏ ਸਿੱਖਿਆਰਥੀ ਕੇਦਰਿਤ ਢੰਗ, ਅਤੇ ਵਿਵਹਾਰ ਹੁਨਰਾਂ ਤੇ ਜ਼ੋਰ ਦੇਣ ਵਾਲੇ ਯੋਗਤਾ ਆਧਾਰਿਤ ਮਾਡਲ ਸ਼ਾਮਲ ਹਨ। ਇਹਨਾਂ ਪਹੁੰਚਾਂ ਦੇ ਅੰਦਰ ਪ੍ਰਭਾਵਸ਼ਾਲੀ ਸਮੱਗਰੀ ਸੰਗਠਨ ਵਿਚ ਅਰਥਪੂਰਨ ਸਿੱਖਣ ਦੇ ਤਜ਼ਬਿਆਂ ਨੂੰ ਉਤਸ਼ਾਹਿਤ ਕਰਨ ਲਈ ਕ੍ਰਮਬੱਧ, ਸਕੈਫੋਲਡਿੰਗ ਅਤੇ ਸਮੱਗਰੀ ਨੂੰ ਏਕੀਕ੍ਰਿਤ ਕਰਨਾ ਸ਼ਾਮਲ ਹੈ। ਚਿੰਨਤਸ਼ੀਲ ਸੰਗਠਨ ਇਕ ਤਾਲਮੇਲ ਅਤੇ ਉਦੇਸ਼ਪੂਰਨ ਪਾਠਕ੍ਰਮ ਨੂੰ ਯਕੀਨੀ ਬਣਾਉਦਾ ਹੈ ਜੋ ਅਕਾਦਮਿਕ ਅਤੇ ਅਸਲ ਸੰਸਾਰ ਦੇ ਉਦੇਸ਼ਾਂ ਨੂੰ ਪੂਰਾ ਕਰਦਾ ਹੈ।

## 2.1.14 ਮੁੱਖ ਸੰਕਲਪ

1. ਪਰੰਪਰਾਗਤ ਪਹੁੰਚ: ਇਸ ਪਹੁੰਚ ਵਿਚ ਪਾਠਕ੍ਰਮ ਦੇ ਵਿਕਾਸ ਲਈ ਸਥਾਪਿਤ ਅਕਾਦਮਿਕ ਅਨੁਸ਼ਾਸਨਾਂ ਦੀ ਪਾਲਣਾ ਕਰਦੇ ਹੋਏ ਵਿਸ਼ਿਆਂ ਦਾ ਇਕ ਢਾਂਚਾਗਤ ਅਤੇ ਕ੍ਰਮਵਾਰ ਸੰਗਠਨ ਹੁੰਦਾ ਹੈ।

2. ਸਿਖਿਆਰਥੀ- ਕੇਂਦ੍ਰਿਤ ਪਹੁੰਚ: ਵਿਅਕਤੀਗਤ ਵਿਦਿਆਰਥੀ ਦੀਆਂ ਲੋੜਾਂ ਅਤੇ ਰੁਚੀਆਂ ਦੇ ਕੇਦ੍ਰਿਤ, ਸਿਖਿਆਰਥੀ ਕੇਂਦਰਿਤ ਪਹੁੰਚ ਲਚਕਤਾ, ਅਨੁਕੂਲਤਾ ਅਤੇ ਵਿਭਿੰਨ ਸਿਖਣ ਸ਼ੈਲੀਆਂ ਨੂੰ ਸ਼ਾਮਲ ਕਰਨ ਤੇ ਜੋਰ ਦਿੰਦੀ ਹੈ।

**2.1.15 ਸਵੈ ਮੁਲਾਂਕਣ ਅਭਿਆਸ: ਖਾਲੀ ਥਾਵਾਂ ਭਰੋ–**

1) ਵਿਸ਼ਾ ਸੰਗਠਨ ਲਈ ਢੁਕਵੀ ਸਮੱਗਰੀ ਦੀ ................ ਕਰਨਾ ਸ਼ਾਮਲ ਹੈ।
2) .......... ਨੂੰ ਸੰਗਠਿਤ ਕਰਨ ਲਈ ਵਿਸ਼ਿਆ ਦੀ ਕ੍ਰਮਵਾਰਤਾ ਅਤੇ ਤਰਕਪੂਰਨਤਾਂ ਤੇ ਧਿਆਨ ਨਾਲ ਵਿਚਾਰ ਕਰਨ ਦੀ ਲੋੜ ਹੁੰਦੀ ਹੈ।
3) ਭਾਠਕ੍ਰਮ ਦੇ ਵਿਕਾਸ ਲਈ...........ਪਹੁੰਚ ਵਿਚ, ਵਿਸ਼ਿਆ ਨੂੰ ਇਕ ਢਾਂਚਾਗਤ ਕ੍ਰਮ ਵਿਚ ਸੰਗਠਿਤ ਕੀਤਾ ਜਾਂਦਾ ਹੈ।
4) ਸਿਖਿਆਰਥੀ–ਕੇਦਰਿਤ ਪਹੁੰਚ ਵਿਅਕਤੀਗਤ ਵਿਦਿਆਰਥੀ ਦੀ..........ਨੂੰ ਪੂਰਾ ਕਰਨ ਲਈ ਅਨੁਕੂਲਤਾ ਨੂੰ ਤਰਜੀਹ ਦਿੰਦੀ ਹੈ।

ਉਤਰ: 1. ਚੋਣ 2. ਸਮਗਰੀ 3. ਰਵਾਇਤੀ 4. ਲੋੜਾਂ

**2.1.16 ਸੁਝਾਏ ਪ੍ਰਸ਼ਨ :**

1. ਪਾਠਕ੍ਰਮ ਦਾ ਵਿਕਾਸ ਕਰਨ ਲਈ ਵਿਭਿੰਨ ਪਹੁੰਚਾਂ ਨੂੰ ਪਰਿਭਾਸ਼ਤ ਕਰੋ।
2. ਪਾਠਕ੍ਰਮ ਨੂੰ ਵਿਕਸਤ ਕਰਨ ਲਈ ਵੱਖ–ਵੱਖ ਪਹੁੰਚਾਂ ਨੂੰ ਲਿਖੋ।
3. ਪਾਠਕ੍ਰਮ ਦਾ ਵਿਕਾਸ ਕਰਨ ਲਈ ਸਿਖਿਆਰਥੀ ਕੇਂਦਰਤ ਪਹੁੰਚ ਦੀ ਵਿਆਖਿਆ ਕਰੋ।
4. ਪਾਠਕ੍ਰਮ ਦਾ ਵਿਕਾਸ ਕਰਨ ਲਈ ਅਧਿਆਪਕ ਕੇਂਦਰਤ ਪਹੁੰਚ ਦੀ ਵਿਆਖਿਆ ਕਰੋ।
5. ਪਾਠਕ੍ਰਮ ਦਾ ਵਿਕਾਸ ਕਰਨ ਲਈ ਵਿਸ਼ਾ–ਸਮੱਗਰੀ ਦੇ ਸੰਗਠਨ ਦੀ ਪ੍ਰਕਿਰਿਆ ਨੂੰ ਵਿਸਤਾਰ ਨਾਲ ਦੱਸੋ।

**2.1.17 ਪ੍ਰਸਤਾਵਿਤ ਪੁਸਤਕਾਂ/ਪੜ੍ਹਨ–ਸਮੱਗਰੀ :**


1. Aurora, G.L. 1995. Child Centred Education - For Learning without Burden. Gurgaon : Krishan Publishing Co.
2. National Council of Educational Research and Training, 1988. National Curriculum for Elementary and Secondary Education : A Framework. New Delhi : NCERT.
3. National Council of Educational Research and Training 2000. National Curriculum for School Education. New Delhi : NCERT.
4. Saxena, K.P.C. (ed.) 1994. Human Rights - Perspective and Challenges, New Delhi : Lancer Books.
5. Subramanian, S. 1999. Human Rights : International Challenges : National Curriculum.

**ਪਾਠ ਨੰ : 2.2** **ਅਨੁਵਾਦਕਰਤਾ : ਹਰਦੀਪ ਕੌਰ**
**Converted into SLM by: Dr. Amita**

Last updated on January, 2026

## ਘੁਮਾਉਦਾਰ ਪਾਠਕ੍ਰਮ ਅਤੇ ਪਾਠਕ੍ਰਮ ਦਾ ਏਕੀਕਰਣ

**ਢਾਂਚਾ**

2.2.1 ਉਦੇਸ਼
2.2.2 ਭੂਮਿਕਾ
2.2.3 ਘੁਮਾਉਦਾਰ ਪਾਠਕ੍ਰਮ ਦਾ ਅਰਥ
 2.2.3.1 ਘਮਾਉਦਾਰ ਪਾਠਕ੍ਰਮ ਦੀਆਂ ਵਿਸ਼ੇਸਤਾਵਾਂ
 2.2.3.2 ਘਮਾਉਂਦਾਰ ਪਾਠਕ੍ਰਮ ਦੇ ਲਾਭ
 2.2.3.3 ਵੱਖ-ਵੱਖ ਵਿਸ਼ਿਆਂ ਵਿਚ ਘੁਮਾਉਦਾਰ ਪਾਠਕ੍ਰਮ ਦੀ ਭੂਮਿਕਾ
2.2.4 ਇਕਾਈਬੱਧ ਪਾਠਕ੍ਰਮ
 2.2.4.1 ਇਕਾਈਬੱਧ ਪਾਠਕ੍ਰਮ ਦੇ ਗੁਣ ਜਾਂ ਲਾਭ
2.2.5 ਸੰਯੁਕਤ ਪਾਠਕ੍ਰਮ ਦਾ ਅਰਥ
 2.2.5.1 ਸੰਯੁਕਤ ਪਾਠਕ੍ਰਮ ਦੀਆਂ ਵਿਭਿੰਨ ਪਹੁੰਚਾਂ
 2.2.5.2 ਸੰਯੁਕਤ ਪਾਠਕ੍ਰਮ ਦੇ ਲਾਭ
2.2.6 ਸਾਰਾਂਸ਼
2.2.7 ਮੁੱਖ ਸੰਕਲਪ
2.2.8 ਸਵੈ ਮੁਲਾਂਕਣ ਅਭਿਆਸ
2.2.9 ਸੁਝਾਏ ਪ੍ਰਸ਼ਨ
2.2.10 ਸੁਝਾਈ ਪੁਸਤਕ ਸੂਚੀ

### 2.2.1 ਉਦੇਸ਼

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ ਯੋਗ ਹੋ ਜਾਉਣਗੇ :

1. ਘੁਮਾਉਦਾਰ ਪਾਠਕ੍ਰਮ ਦਾ ਅਰਥ ਦੱਸ ਸਕਣਗੇ।
2. ਇਕਾਈਬੱਧ ਪਾਠਕ੍ਰਮ ਤੋਂ ਜਾਣੂ ਹੋਣਗੇ।
3. ਸੰਯੁਕਤ ਪਾਠਕ੍ਰਮ ਦਾ ਅਰਥ ਅਤੇ ਲਾਭ ਬਾਰੇ ਦੱਸ ਸਕਣਗੇ।
4. ਕਾਰਜ ਕੁਸ਼ਲਤਾ ਦਾ ਵਿਕਾਸ ਪ੍ਰੋਗਰਾਮ ਦੀ ਲੋੜ ਅਤੇ ਮਹੱਤਤਾ ਬਾਰੇ ਚਰਚਾ ਕਰ ਸਕਣਗੇ।
5. ਕਿੱਤਾ ਮੁਖੀ ਸਿੱਖਿਆ ਬਾਰੇ ਚਰਚਾ ਕਰਨ ਦੇ ਯੋਗ ਹੋਣਗੇ।

**2.2.2 ਭੂਮਿਕਾ:** ਸਪਿਰਲ ਪਾਠਕ੍ਰਮ ਸਿਲੇਬਸ ਦੀ ਇਕਾਈਕਰਨ ਅਤੇ ਏਕੀਕ੍ਰਿਤ ਪਾਠਕ੍ਰਮ ਆਧੁਨਿਕ ਸਿੱਖਿਆ ਨੂੰ ਰੂਪ ਦੇਣ ਵਾਲੇ ਨਵੀਨਤਾਕਾਰੀ ਪਹੁੰਚ ਹਨ। ਸਪਿਰਲ ਪਾਠਕ੍ਰਮ ਵਿਚ ਜਟਿਲਤਾ ਦੇ ਵਧਦੇ ਪੱਧਰਾਂ ਤੇ

ਮੁੱਖ ਸੰਕਲਪਾਂ ਤੇ ਮੁੜ ਵਿਚਾਰ ਕਰਨਾ, ਸਮੇ ਦੇ ਨਾਲ ਡੂੰਘੀ ਸਮਝ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ। ਇਕਾਈਕਰਣ ਸਿਲੇਬਸ ਨੂੰ ਪ੍ਰਬੰਧਨਯੋਗ ਇਕਾਈਆਂ ਵਿਚ ਵੰਡਣ ਤੇ ਕੇਂਦ੍ਰਿਤ ਕਰਦਾ ਹੈ, ਵਿਦਿਆਰਥੀਆਂ ਦੀ ਵਿਅਕਤੀਗਤ ਵਿਸ਼ਿਆ ਦੀ ਸਮਝ ਨੂੰ ਵਧਾਉਂਦਾ ਹੈ। ਏਕੀਕ੍ਰਿਤ ਪਾਠਕ੍ਰਮ ਸਹਿਜੇ ਹੀ ਕਈ ਵਿਸ਼ਿਆ ਨੂੰ ਜ਼ੋੜਦਾ ਹੈ, ਸਮੁੱਚੇ ਸਿੱਖਣ ਦੇ ਤਜ਼ਰਬਿਆਂ ਨੂੰ ਉਤਸ਼ਾਹਿਤ ਕਰਦਾ ਹੈ। ਇਹ ਵਿਧੀਆਂ ਗਤੀਸ਼ੀਲ ਆਪਸ ਵਿਚ ਜੁੜੇ ਅਤੇ ਪ੍ਰਭਾਵੀ ਵਿਦਿਅਕ ਢਾਂਚੇ ਨੂੰ ਬਣਾਉਣ ਦੇ ਉਦੇਸ਼ ਨਾਲ ਵਿਕਸਤ ਸਿਖਿਆ ਸ਼ਾਸ਼ਤੀ ਰਣਨੀਤੀਆਂ ਨੂੰ ਦਰਸਾਂਉਦੀਆਂ ਹਨ।

### 2.2.3 ਘੁਮਾਉਦਾਰ ਪਾਠਕ੍ਰਮ ਦਾ ਅਰਥ (Meaning of Spiral Curriculum) :

ਘੁਮਾਉਦਾਰ ਪਾਠਕ੍ਰਮ ਸਿੱਖਿਆ ਦੀ ਇੱਕ ਅਜਿਹੀ ਪਹੁੰਚ ਹੈ ਜਿਸ ਵਿੱਚ ਵਿਦਿਆਰਥੀਆਂ ਨੂੰ ਮੁੱਢਲੀ ਉਮਰ ਵਿੱਚ ਮੂਲ ਧਾਰਨਾਵਾਂ ਸਿਖਾਈਆਂ ਜਾਂਦੀਆਂ ਹਨ ਅਤੇ ਇਹਨਾਂ ਧਾਰਨਾਵਾਂ ਨੂੰ ਜਟਿਲਤਾ ਦੇ ਵਧਦੇ ਦਰਜੇ ਵਿੱਚ ਦੁਬਾਰਾ ਦੁਹਰਾਇਆ ਜਾਂਦਾ ਹੈ। ਇਸ ਨੂੰ "Spaced" ਜਾਂ "distributed" ਪਹੁੰਚ ਵੀ ਕਿਹਾ ਜਾਂਦਾ ਹੈ। ਇਹ "Blocked" ਜਾਂ "Massed" ਪਾਠਕ੍ਰਮ ਨਾਲੋਂ ਭਿੰਨ ਹੈ, ਜਿਸ ਵਿੱਚ ਵਿਦਿਆਰਥੀਆਂ ਨੂੰ ਔਖੇ ਸੰਕਲਪ ਉਨੀ ਦੇਰ ਤੱਕ ਨਹੀਂ ਸਿਖਾਏ ਜਾਂਦੇ, ਜਿੰਨੀ ਦੇਰ ਤੱਕ ਉਹ ਉਚੇਰੀ ਪੱਧਰ ਦੀ ਸਿੱਖਿਆ ਵਿੱਚ ਸ਼ਾਮਿਲ ਨਹੀਂ ਹੋ ਜਾਂਦੇ।

Corpus and Lucas's ਦੀ ਪਰਿਭਾਸ਼ਾ ਅਨੁਸਾਰ, ਘੁਮਾਉਦਾਰ ਪਾਠਕ੍ਰਮ ਵਿੱਚ ਇੱਕ ਉਪ-ਵਿਸ਼ੇ ਨੂੰ ਵਿਦਿਆਰਥੀਆਂ ਦੇ ਵਿਕਾਸ ਪੰਧਰ ਮੁਤਾਬਕ ਬਾਰ-ਬਾਰ ਪੜ੍ਹਾਇਆ ਜਾਂਦਾ ਹੈ।

Jerome Bruner (1961) ਦੇ ਅਨੁਸਾਰ, ''ਘੁਮਾਉਦਾਰ ਪਾਠਕ੍ਰਮ ਮੂਲ ਵਿਚਾਰ ਨੂੰ ਬਾਰ ਬਾਰ ਦੁਹਰਾਉਣ, ਉਸ ਉੱਤੇ ਹੋਰ ਵਿਚਾਰ ਬਣਾਉਣ ਅਤੇ ਉਸ ਨੂੰ ਪੂਰੀ ਜਾਣਕਾਰੀ ਤੱਕ ਵਿਆਖਿਆ ਕਰਨ ਤੱਕ ਹੈ।''

Hilda Taba (2003) ਅਨੁਸਾਰ ''ਘੁਮਾਉਦਾਰ ਪਾਠਕ੍ਰਮ ਦੀ ਧਾਰਨਾ ਵਿੱਚ ਕੋਰਸ ਦੌਰਾਨ ਸੰਕਲਪਾਂ, ਵਿਸ਼ਿਆਂ ਜਾਂ ਮਜ਼ਮੂਨਾਂ ਦਾ ਬਾਰ-ਬਾਰ ਦੁਹਰਾਉ ਕੀਤਾ ਜਾਂਦਾ ਹੈ। ਘੁਮਾਉਦਾਰ ਪਾਠਕ੍ਰਮ ਸਿਰਫ ਸੰਕਲਪਾਂ ਦਾ ਦੁਹਰਾਉ ਹੀ ਨਹੀਂ ਕੀਤਾ ਜਾਂਦਾ ਬਲਕਿ ਇਹ ਸੰਕਲਪ ਦੀ ਡੂੰਘੀ ਸਮਝ ਕੀਤੀ ਜਾਂਦੀ ਹੈ।

#### 2.2.3.1 ਘੁਮਾਉਦਾਰ ਪਾਠਕ੍ਰਮ ਦੀਆਂ ਮੁੱਖ ਵਿਸ਼ੇਸ਼ਤਾਵਾਂ :

1. ਘੁਮਾਉਦਾਰ ਪਾਠਕ੍ਰਮ ਵਿੱਚ ਕੋਰਸ ਦੌਰਾਨ ਉਪ-ਵਿਸ਼ਿਆਂ ਨੂੰ ਬਾਰ-ਬਾਰ ਦੁਹਰਾਇਆ ਜਾਂਦਾ ਹੈ। ਅਗਲੀ ਵਾਰ ਦੁਹਰਾਉਣ ਨਾਲ ਵਿਸ਼ੇ ਦੀ ਜਟਿਲਤਾ ਦਾ ਪੱਧਰ ਵੱਧਦਾ ਜਾਂਦਾ ਹੈ। ਪੁਰਾਣੇ ਸਿੱਖਣ ਦੇ ਆਧਾਰ ਉੱਤੇ ਨਵਾਂ ਸਿੱਖਿਆ ਜਾਂਦਾ ਹੈ। ਜਟਿਲਤਾ ਦਾ ਪੱਧਰ ਵਿਦਿਆਰਥੀਆਂ ਦੀ ਸਮਰਥਾ ਦੇ ਮੁਤਾਬਕ ਵਧਾਇਆ ਜਾਂਦਾ ਹੈ।
2. ਵਿਸ਼ਿਆਂ ਦੇ ਦੁਹਰਾਉਣ ਨਾਲ ਸਿਖਿਆਰਥੀਆਂ ਨੂੰ ਸੰਕਲਪ ਸਪਸ਼ਟ ਹੋ ਜਾਂਦੇ ਹਨ। ਇਸ ਨਾਲ ਉਹ ਵੱਧ ਸਿੱਖਦੇ ਹਨ।
3. ਇਸ ਪਾਠਕ੍ਰਮ ਰਾਹੀਂ ਕਿਸੇ ਵੀ ਵਿਸ਼ੇ ਨੂੰ ਪੜ੍ਹਾਇਆ ਜਾ ਸਕਦਾ ਹੈ। ਇਸ ਤਰ੍ਹਾਂ ਦੇ ਪਾਠਕ੍ਰਮ ਵਿੱਚ ਮੂਲ ਸੰਕਲਪਾਂ ਨੂੰ ਅੱਗੇ ਸਾਲਾਂ ਵਿੱਚ ਵੰਡ ਕੇ ਪੜ੍ਹਾਇਆ ਜਾਂਦਾ ਹੈ ਅਤੇ ਹਰ ਸਾਲ ਗਿਆਨ ਦੀ ਸਮਝ ਡੂੰਘੀ ਹੁੰਦੀ ਜਾਂਦੀ ਹੈ।
4. ਉਦਾਹਰਨ ਵਜੋਂ ਗਣਿਤ ਵਿਸ਼ੇ ਨੂੰ ਜੇਕਰ ਇਸ ਪਾਠਕ੍ਰਮ ਰਾਹੀਂ ਡਿਜ਼ਾਇਨ ਕੀਤਾ ਜਾਂਦਾ ਹੈ ਤਾਂ ਇਸਦੇ ਪਾਠਾਂ ਨੂੰ ਗਣਿਤ ਦੇ ਵਿਸ਼ਾਲ ਛੇ ਵਰਗਾਂ ਵਿੱਚ ਵੰਡਿਆ ਜਾਵੇਗਾ ਅਤੇ ਇਹਨਾਂ ਨੂੰ ਹਰ ਸਾਲ ਯੂਨਿਟਾਂ ਰਾਹੀਂ ਪੜ੍ਹਾਇਆ ਜਾਵੇਗਾ। ਬਜਾਇ ਕਿ ਇੰਤਜਾਰ ਕਰਨ ਨਾਲੋਂ ਕਿ ਵਿਦਿਆਰਥੀ ਜੋੜ, ਘਟਾਉ, ਗੁਣਾਂ ਤੇ ਭਾਗ ਵਿੱਚ ਮੁਹਾਰਤ ਹਾਸਲ ਕਰ ਲਵੇ।

5. ਗਣਿਤ ਵਿੱਚ ਬੀਜਗਣਿਤ (algebra) ਦੇ ਸੰਕਲਪ ਬਾਲਵਾੜੀ (Kindergarden) ਵਿੱਚ ਹੀ ਸਿਖਾਉਣੇ ਸ਼ੁਰੂ ਕਰ ਦਿੱਤੇ ਜਾਂਦੇ ਹਨ, ਜਦੋਂ ਬੱਚਿਆਂ ਨੂੰ ਪੈਟਰਨਾਂ ਦੀ ਜਾਣ-ਪਛਾਣ ਕਰਾਈ ਜਾਂਦੀ ਹੈ।
6. ਪਾਠਕ੍ਰਮ ਵਿੱਚ ਸੰਬੰਧਿਤ ਵਿਚਾਰਾਂ ਨੂੰ ਅਕਸਰ ਵਰਤਿਆ ਜਾਂਦਾ ਹੈ, ਹਰ ਸਾਲ ਇਸ ਵਿੱਚ ਨਵੀਂ ਜਾਣਕਾਰੀ ਜੋੜੀ ਜਾਂਦੀ ਹੈ। ਨਵੀਂ ਜਮਾਤ ਵਿੱਚ ਪਹਿਲਾਂ ਨਾਲੋਂ ਉਚੇਰੀ ਸਮਝ ਆ ਜਾਂਦੀ ਹੈ। ਇਸ ਤਰ੍ਹਾਂ ਵਿਦਿਆਰਥੀ ਦੀ ਵਿਸ਼ੇ ਵਿੱਚ ਮੁਹਾਰਤ ਆ ਜਾਂਦੀ ਹੈ।
7. ਇਸ ਦਾ ਉਦੇਸ਼ ਬਹੁ-ਵਿਵਸਾਇਕ ਦੇ ਸਿੱਖਣ ਤੋਂ ਹੈ, ਜਿਸ ਵਿੱਚ ਵਿਦਿਆਰਥੀ ਵੱਖ-ਵੱਖ ਪੇਸ਼ਿਆਂ ਬਾਰੇ ਸਿੱਖਦੇ ਹਨ।
8. ਇਸ ਪਾਠਕ੍ਰਮ ਵਿੱਚ ਉਨੀ ਦੇਰ ਤੱਕ ਮੂਲ ਵਿਚਾਰਾਂ ਨੂੰ ਦੁਹਰਾਕੇ ਵਿਕਸਤ ਕੀਤਾ ਜਾਂਦਾ ਹੈ, ਜਿੰਨੀ ਦੇਰ ਤੱਕ ਵਿਸ਼ੇ ਉੱਤੇ ਮਜ਼ਬੂਤ ਪਕੜ ਨਹੀਂ ਬਣ ਜਾਂਦੀ।

### **2.2.**3.2 ਘੁਮਾਉਦਾਰ ਪਾਠਕ੍ਰਮ ਦੇ ਲਾਭ :

ਘੁਮਾਉਦਾਰ ਪਾਠਕ੍ਰਮ ਦੇ ਹੇਠ ਲਿਖੇ ਲਾਭ ਹਨ :

1. ਬਾਰ-ਬਾਰ ਵਿਸ਼ੇ ਨੂੰ ਦੁਹਰਾਉਣ ਨਾਲ ਵਿਦਿਆਰਥੀਆਂ ਦੀ ਵਿਸ਼ਾ ਸਮੱਗਰੀ ਪ੍ਰਤੀ ਸਮਝ ਮਜ਼ਬੂਤ ਹੁੰਦੀ ਹੈ।
2. ਇਸ ਪਾਠਕ੍ਰਮ ਵਿੱਚ ਸੌਖੇ ਤੋਂ ਔਖੇ ਵੱਲ ਚਲਿਆ ਜਾਂਦਾ ਹੈ। ਇਹ ਇਕ ਤਰਕਵਾਦੀ ਵਿਕਾਸ ਹੈ।
3. ਵਿਦਿਆਰਥੀਆਂ ਨੂੰ ਨਵੇਂ ਕੋਰਸ ਦੇ ਟੀਚੇ ਪ੍ਰਾਪਤ ਕਰਨ ਲਈ ਪਹਿਲਾਂ ਲਈ ਹੋਈ ਗਿਆਨ ਨੂੰ ਵਰਤਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ।
4. ਇਸ ਤੋਂ ਇਲਾਵਾ ਘੁਮਾਉਦਾਰ ਪਾਠਕ੍ਰਮ ਬਹੁਤ ਸਾਰੀਆਂ ਖੋਜ ਅਧਾਰਤ ਪਹੁੰਚਾਂ ਨੂੰ ਇਕੱਠ ਕਰਕੇ ਸਥਾਪਤ ਕਰਦੀ ਹੈ। ਜਿਸ ਨਾਲ ਵਿਦਿਆਰਥੀਆਂ ਦੀ ਕਾਰਗੁਜ਼ਾਰੀ ਵਿੱਚ ਵਾਧਾ ਹੁੰਦਾ ਹੈ।
5. ਨਵੀਂ ਵਿਸ਼ਾ-ਸਮੱਗਰੀ ਨੂੰ ਸਮਝਣ ਲਈ ਪੁਰਾਣੇ ਨੂੰ ਮੁੜ ਵਿਖਾਇਆ ਜਾਂਦਾ ਹੈ।
6. ਸਾਡਾ ਬਹੁਤ ਸਾਰਾ ਕੰਮ ਪਹਿਲਾਂ ਕੀਤੇ ਹੋਏ ਕੰਮ ਉੱਤੇ ਅਧਾਰਤ ਹੁੰਦਾ ਹੈ।
7. ਘੁਮਾਉਦਾਰ ਪਾਠਕ੍ਰਮ ਢੁਕਵਾਂ, ਯੋਗ ਤੇ ਪ੍ਰਯੋਗਿਕ ਹੈ ਕਿਉਂਕਿ ਇਸ ਨਾਲ ਸਾਨੂੰ ਬੀਤੇ ਸਮੇਂ ਵਿੱਚ ਰਹਿ ਗਏ ਖੱਪੇ ਨੂੰ ਪੂਰਾ ਕਰਨ ਦੇ ਮੌਕੇ ਮਿਲ ਜਾਂਦੇ ਹਨ।
8. ਘੁਮਾਉਦਾਰ ਸਿੱਖਣ ਵਿੱਚ, ਸਾਨੂੰ ਲਗਾਤਾਰ ਪਿਛਲੇ ਕੀਤੇ ਕੰਮ ਵੱਲ ਜਾਣ ਦਾ ਮੌਕਾ ਮਿਲਦਾ ਹੈ, ਨਵੀਂ ਸਮੱਗਰੀ ਨੂੰ ਪੁਰਾਣੀ ਸਮੱਗਰੀ ਨਾਲ ਜੋੜਿਆ ਜਾਂਦਾ ਹੈ। ਲੈਕਚਰ ਨੋਟਸ ਵਿੱਚ ਖਾਸ ਕਰਕੇ ਇਹ ਵੇਖਣ ਨੂੰ ਮਿਲ ਜਾਂਦਾ ਹੈ ਕਿ ਅਸੀਂ ਮੂਲ ਧਾਰਨਾ ਨਾਲ ਜੁੜੇ ਰਹਿੰਦੇ ਹਾਂ।
9. ਇਸ ਨਾਲ ਅਸੀਂ ਪੁਰਾਣੇ ਵਿਸ਼ਿਆਂ ਨੂੰ ਦੁਬਾਰਾ ਯਾਦ ਤੇ ਸਮੀਖਿਆ ਕਰ ਸਕਦੇ ਹਾਂ, ਜਿਹਨਾਂ ਨੂੰ ਅਸੀਂ ਚੰਗੀ ਤਰ੍ਹਾਂ ਯਾਦ ਨਹੀਂ ਰੱਖ ਸਕੇ ਸੀ। ਇਸ ਨਾਲ ਨਵੀਂ ਸਮੱਗਰੀ ਨੂੰ ਸਿੱਖਣ ਵਿੱਚ ਵੀ ਮਦਦ ਮਿਲਦੀ ਹੈ।
10. ਨਵੇਂ ਪਾਠਕ੍ਰਮ ਨੂੰ ਪੁਰਾਣੇ ਸਿੱਖੇ ਹੋਏ ਗਿਆਨ ਦੇ ਆਧਾਰ ਉੱਤੇ ਤਿਆਰ ਕੀਤਾ ਜਾਂਦਾ ਹੈ।

### **2.2.**3.3 ਵੱਖ-ਵੱਖ ਵਿਸ਼ਿਆਂ ਵਿੱਚ ਘੁਮਾਉਦਾਰ ਪਾਠਕ੍ਰਮ ਦੀ ਵਿਹਾਰਕ ਭੂਮਿਕਾ :

ਘੁਮਾਉਦਾਰ ਪਾਠਕ੍ਰਮ ਦੀ ਧਾਰਨਾ ਨੂੰ ਹੇਠ ਲਿਖੇ ਵਿਸ਼ਿਆਂ ਰਾਹੀਂ ਅਸਾਨੀ ਨਾਲ ਸਮਝਿਆ ਜਾ ਸਕਦਾ ਹੈ : ਗਣਿਤ, ਪੜ੍ਹਨਾ, ਵਿਗਿਆਨ ਤੇ ਸਮਾਜਿਕ ਸਿੱਖਿਆ।

**ਗਣਿਤ :**

ਘੁਮਾਉਦਾਰ ਪਾਠਕ੍ਰਮ ਜ਼ਿਆਦਾਤਰ ਗਣਿਤ ਵਿਸ਼ੇ ਵਿੱਚ ਵੇਖਿਆ ਜਾਂਦਾ ਹੈ ਕਿਉਂਕਿ ਗਣਿਤ ਦੇ ਬਹੁਤ ਸਾਰੇ ਉਪ-ਵਿਸ਼ੇ ਇੱਕ ਦੂਜੇ ਨਾਲ ਸਰਲਤਾ ਤੋਂ ਗੁੰਝਲਤਾ ਵੱਲ ਜੁੜੇ ਹੁੰਦੇ ਹਨ। ਉਦਾਹਰਨ ਵਜੋਂ ਪਹਿਲੀ ਜਮਾਤ ਵਿੱਚ ਅਤੇ ਦੂਜੀ ਜਮਾਤ ਦੇ ਸ਼ੁਰੂ ਵਿੱਚ ਵਿਦਿਆਰਥੀ ਸਰਲ ਜੋੜ ਤੇ ਘਟਾਓ ਸਿਖਦੇ ਹਨ। ਪਰ ਉਹ ਦੋ ਅੰਕਾਂ ਨਾਲ ਇਸ ਨੂੰ ਸਿਖਦੇ ਹਨ ਅਤੇ ਫੇਰ ਹਾਸਲ ਵਾਲੇ ਸਿਖਦੇ ਹਨ। ਇਹਨਾਂ ਤੱਥਾਂ ਨੂੰ ਉਹ ਪਹਿਲਾਂ ਉਂਗਲਾਂ ਉੱਤੇ ਜਾਂ ਲਾਈਨਾਂ ਮਾਰਕ ਸਿੱਖਦੇ ਹਨ ਪਰ ਹੌਲੀ ਹੌਲੀ ਅਭਿਆਸ ਨਾਲ ਇਹਨਾਂ ਦੀ ਲੋੜ ਨਹੀਂ ਪੈਂਦੀ।

ਵਿਦਿਆਰਥੀਆਂ ਦੇ ਗਿਆਨ ਦੇ ਤੱਥ ਨੂੰ ਇਸ ਢੰਗ ਨਾਲ ਸਮਝਣ ਦੀ ਲੋੜ ਹੈ ਕਿ ਉਹ ਕ੍ਰਮ ਵਿੱਚ ਸਰਲ ਤੋਂ ਗੁੰਝਲਤਾ ਵੱਲ ਸਿੱਖ ਰਹੇ ਹਨ। ਜਮਾਤ ਦੇ ਵੱਧਣ ਨਾਲ ਵਿਦਿਆਰਥੀ ਜੋੜ ਤੇ ਘਟਾਉ ਦੀ ਜਟਿਲਤਾ ਸਿਖਦੇ ਜਾਂਦੇ ਹਨ। ਐਲੀਮੈਂਟਰੀ ਸਕੂਲ ਵਿੱਚ ਜੋੜ, ਘਟਾਉ ਦੀਆਂ ਮੁੱਢਲੀਆਂ ਕੁਸ਼ਲਤਾਵਾਂ ਦਾ ਵਿਕਾਸ ਹੁੰਦਾ ਹੈ ਅਤੇ ਵੱਡੀਆਂ ਵਿੱਚ ਇਹ ਗੁੰਝਲਦਾਰ ਬਣ ਜਾਂਦਾ ਹੈ, ਜਦੋਂ ਹਾਈ ਸਕੂਲ ਵਿੱਚ ਬੀਜ ਗਣਿਤ ਤੇ ਹੋਰਾਂ ਵਿੱਚ ਇਸ ਨੂੰ ਵਰਤਿਆ ਜਾਂਦਾ ਹੈ।

**ਪੜ੍ਹਨਾ :**

ਵਿਦਿਆਰਥੀ ਐਲੀਮੈਂਟਰੀ ਸਕੂਲ ਦੇ ਮੁੱਢਲੇ ਸਾਲਾਂ ਵਿੱਚ ਹੀ ਪੜ੍ਹਨਾ ਸਿੱਖ ਜਾਂਦੇ ਹਨ। ਬਾਲਵਾੜੀ ਵਿੱਚ ਤਾਂ ਪੜ੍ਹਨ ਉਤੇ ਹੀ ਜ਼ੋਰ ਦਿੱਤਾ ਜਾਂਦਾ ਹੈ। ਪਹਿਲੀ, ਦੂਜੀ ਜਮਾਤ ਵਿੱਚ ਆਮ ਤੌਰ ਉੱਤੇ ਪੜ੍ਹਾਉਣ ਵੇਲੇ ਇਸ ਗੱਲ ਉੱਤੇ ਜ਼ੋਰ ਦਿੱਤਾ ਜਾਂਦਾ ਹੈ ਕਿ ਵਿਦਿਆਰਥੀ ਆਪਣੇ ਤੌਰ ਉੱਤੇ ਅਤੇ ਸਫਲਤਾਪੂਰਵਕ ਪਾਠ ਨੂੰ ਪੜ੍ਹ ਸਕਣ। ਪੜ੍ਹਨਾ ਸਿਖਾਉਣ ਤੋਂ ਬਾਅਦ, ਉਹਨਾਂ ਨੂੰ ਨਵੀਆਂ ਚੀਜਾਂ ਬਾਰੇ ਪੜ੍ਹਨ ਨੂੰ ਕਿਹਾ ਜਾਂਦਾ ਹੈ। ਘੁਮਾਉਦਾਰ ਪਾਠਕ੍ਰਮ ਵਿੱਚ ਪੜ੍ਹਨ ਦੀ ਇਹ ਉਦਾਹਰਨ ਹੈ-ਪਹਿਲਾਂ ਪੜ੍ਹਨ ਲਈ ਸਿੱਖੋ ਅਤੇ ਫੇਰ ਪੜ੍ਹਕੇ ਸਿੱਖੋ। ਉਦਾਹਰਨ ਵਜੋਂ ਜਦੋਂ ਵਿਦਿਆਰਥੀ ਪੜ੍ਹਨਾ ਸਿੱਖ ਲੈਂਦੇ ਹਨ ਤਾਂ ਉਹ ਘਟਨਾਵਾਂ ਦੇ ਕ੍ਰਮ ਰੂਪ ਨੂੰ ਸਮਝਣ ਦੇ ਯੋਗ ਹੋ ਜਾਂਦੇ ਹਨ। ਵੱਡੀਆਂ ਜਮਾਤਾਂ ਵਿੱਚ ਵਿਦਿਆਰਥੀ ਔਖੀਆਂ ਕਿਤਾਬਾਂ ਤੇ ਗੁੰਝਲਦਾਰ ਕਹਾਣੀਆਂ ਦੇ ਬੇਤਰਤੀਬੇਪਨ ਨੂੰ ਵੀ ਸਮਝਣ ਦੇ ਯੋਗ ਹੋ ਜਾਂਦੇ ਹਨ।

**ਵਿਗਿਆਨ :**

ਘੁਮਾਉਦਾਰ ਪਾਠਕ੍ਰਮ ਦੀਆਂ 'ਗਣਿਤ' ਤੇ 'ਪੜ੍ਹਨ' ਵਿਸ਼ਿਆਂ ਵਿੱਚ ਉਦਾਹਰਨਾਂ ਲੱਭਣੀਆਂ ਸੌਖੀਆਂ ਹਨ ਪਰੰਤੂ ਵਿਗਿਆਨ ਤੇ ਸਮਾਜਿਕ ਸਿੱਖਿਆ ਵਿੱਚ ਸੌਖੀਆਂ ਨਹੀਂ। ਇਹ ਵਿਸ਼ੇ ਗੁੰਝਲਦਾਰ ਹਨ। ਬਹੁਤੀਆਂ ਹਾਲਤਾਂ ਵਿੱਚ ਸੌਖੀਆਂ ਗੱਲਾਂ ਤੋਂ ਬਾਅਦ ਔਖੇ ਸੰਕਲਪ ਸਮਝਾਉਣ ਨਾਲ ਵਿਦਿਆਰਥੀਆਂ ਨੂੰ ਵਿਸ਼ੇ ਦੀ ਸਮਝ ਲਗ ਜਾਂਦੀ ਹੈ।

ਉਦਾਹਰਨ ਵਜੋਂ ਜੀਵ ਵਿਗਿਆਨ ਵਿੱਚ ਜੇਕਰ ਪਹਿਲੀ, ਦੂਜੀ ਜਮਾਤ ਵਿੱਚ ਇਹ ਦੱਸਿਆ ਜਾਂਦਾ ਹੈ ਕਿ ਪੌਦਿਆਂ ਨੂੰ ਸੂਰਜ ਦੀ ਰੋਸ਼ਨੀ ਸਮੇਤ ਵਧਣ ਲਈ ਕਿਹੜੀਆਂ ਚੀਜ਼ਾਂ ਦੀ ਲੋੜ ਹੈ, ਤਾਂ ਤੀਜੀ ਜਮਾਤ ਵਿੱਚ ਵਿਦਿਆਰਥੀ ਪ੍ਰਕਾਸ਼ ਸੰਸ਼ਲੇਸ਼ਣ ਕਿਰਿਆ ਬਾਰੇ ਸਿਖਣਗੇ, ਕਿ ਪੌਦਿਆਂ ਨੂੰ ਵਧਣ ਲਈ ਸੂਰਜ ਦੀ ਰੋਸ਼ਨੀ ਦੀ ਕਿਉਂ ਲੋੜ ਹੈ। ਛੇਵੀਂ ਜਮਾਤ ਵਿੱਚ ਵਿਦਿਆਰਥੀ ਪੌਦਿਆਂ ਦੀ ਸੈਲੂਲਰ ਸੰਰਚਨਾ ਬਾਰੇ ਸਿਖਣਗੇ, ਜਿਹੜੀ ਵਿਦਿਆਰਥੀਆਂ ਨੂੰ ਪੌਦਿਆਂ ਦੇ ਵਿਗਿਆਨ ਬਾਰੇ ਜਟਿਲ ਤਸਵੀਰ ਦਸੇਗੀ। ਅਖੀਰ ਵਿੱਚ ਵਿਦਿਆਰਥੀ ਵੱਡੀਆਂ ਜਮਾਤਾਂ ਵਿੱਚ ਪੌਦਿਆਂ ਦੀ Organic Chemistry ਬਾਰੇ ਪੜ੍ਹਨਗੇ।

**2.2.3.4 ਘੁਮਾਉਦਾਰ ਪਾਠਕ੍ਰਮ ਦੀਆਂ ਕਮੀਆਂ :**

1. ਘੁਮਾਉਦਾਰ ਪਾਠਕ੍ਰਮ ਅਧਿਆਪਨ ਦਾ ਕੇਂਦਰ ਬਿੰਦੂ ਬਣ ਸਕੇ, ਇਸ ਲਈ ਇਸਨੂੰ ਵਿਹਾਰਕ ਹੋਣਾ ਚਾਹੀਦਾ ਹੈ।
2. ਤੱਥਾਂ ਤੇ ਤਕਨੀਕਾਂ ਦੀ ਮੁਹਾਰਤ ਦੀ ਬਜਾਇ ਅਧਿਆਪਨ ਤੇ ਸਿੱਖਣਾ ਅਦਲਾ-ਬਦਲੀ ਦੀ ਪ੍ਰਮੁੱਖ ਸਮੱਸਿਆ ਹੈ।

3. ਜੇਕਰ ਅਗੇਤਾ ਸਿੱਖਣ ਪਿਛਲੇ ਸਿੱਖਣ ਨੂੰ ਅਸਾਨ ਕਰਦਾ ਹੈ, ਤਾਂ ਪਹਿਲਾਂ ਪੇਸ਼ ਕੀਤੀਆਂ ਚੀਜ਼ਾਂ ਦੇ ਸੰਬੰਧਾਂ ਦੀ ਸਧਾਰਨ ਤਸਵੀਰ ਪੇਸ਼ ਕਰਨੀ ਪਵੇਗੀ, ਤਾਂ ਜੋ ਬਾਅਦ ਵਿੱਚ ਸਿੱਖਣ ਸਮੱਗਰੀ ਨੂੰ ਆਸਾਨ ਬਣਾਇਆ ਜਾ ਸਕੇ।
4. ਸਕੂਲਾਂ ਵਿੱਚ ਬਹੁਤ ਸਾਰਾ ਸਮਾਂ ਅਜਾਈ ਗੁਆਇਆ ਜਾਂਦਾ ਹੈ, ਇਹ ਸੋਚ ਕੇ ਕਿ ਇਹ ਬਹੁਤ ਔਖਾ ਹੈ। ਇਸ ਤਰ੍ਹਾਂ ਅਧਿਆਪਨ ਦੇ ਮਹੱਤਵਪੂਰਨ ਖੇਤਰ ਰਹਿ ਜਾਂਦੇ ਹਨ।
5. ਕੁਝ ਬੌਧਿਕ ਤੇ ਚੁਸਤ ਢੰਗਾਂ ਨਾਲ ਵਿਦਿਆਰਥੀਆਂ ਨੂੰ ਕਿਸੇ ਵੀ ਵਿਸ਼ੇ ਉੱਤੇ ਪ੍ਰਭਾਵਸ਼ਾਲੀ ਢੰਗ ਨਾਲ ਪੜ੍ਹਾਇਆ ਜਾ ਸਕਦਾ ਹੈ।
6. ਬਟਾ ਸਾਰੀਆਂ ਮੁੱਖ ਸਮੱਸਿਆਵਾਂ ਵਿੱਚੋਂ ਗਣਿਤ ਦੇ ਘੁਮਾਉਦਾਰ ਪਾਠਕ੍ਰਮ ਦੀ ਇੱਕ ਮੁੱਖ ਸਮੱਸਿਆ ਇਹ ਹੈ ਕਿ ਹਰੇਕ ਜਮਾਤ ਦੇ ਗਣਿਤ ਦੇ ਕੀਮਤੀ ਸਮੇਂ ਨੂੰ ਗੈਰ ਜ਼ਰੂਰੀ ਗਣਿਤ ਦੇ ਸੰਕਲਪਾਂ ਵਿੱਚ ਵਿਅਰਥ ਗੁਆਇਆ ਜਾਂਦਾ ਹੈ। ਇਹਨਾਂ ਵਿੱਚੋਂ ਬਹੁਤ ਸਾਰੇ ਉਪ-ਵਿਸ਼ੇ ਵੱਡੀਆਂ ਜਮਾਤਾਂ ਲਈ ਤਿਆਰ ਕੀਤੇ ਜਾ ਸਕਦੇ ਹਨ।
7. ਵਿਸ਼ਿਆਂ ਨੂੰ ਜੇਕਰ ਇਸ ਪਾਠਕ੍ਰਮ ਰਾਹੀਂ ਪੜ੍ਹਾਇਆ ਜਾਂਦਾ ਹੈ ਤਾਂ ਬਹੁਤ ਸਾਰੇ ਦੁਹਰਾਅ ਨਾਲ ਅਧਿਆਪਨ ਤੇ ਸਿੱਖਣ ਦੇ ਸਮੇਂ ਵਿੱਚ ਕਮੀ ਆਵੇਗੀ।
8. ਕਈ ਵਾਰ ਸਿਖਿਆਰਥੀ ਇਹ ਜਾਣਕੇ ਬੋਰੀਅਤ ਮਹਿਸੂਸ ਕਰਦੇ ਹਨ ਕਿ ਇਹ ਉਪ-ਵਿਸ਼ਾ ਉਹਨਾਂ ਨੇ ਪੜ੍ਹਿਆ ਹੋਇਆ ਹੈ। ਉਹ ਕੋਈ ਰੁਚੀ ਨਹੀਂ ਦਿਖਾਉਂਦੇ।
9. ਜਦੋਂ ਵਿਦਿਆਰਥੀਆਂ ਨੂੰ ਕਿਸੇ ਸੰਕਲਪ/ਧਾਰਨਾ/ਕੁਸ਼ਲਤਾ ਵਿੱਚ ਮੁਹਾਰਤ ਲਈ ਸਿਖਾਇਆ ਜਾਂਦਾ ਹੈ, ਤਾਂ ਉਪ ਵਿਸ਼ੇ ਘੱਟ ਪੂਰੇ ਹੁੰਦੇ ਹਨ। ਬਹੁਤ ਘੱਟ ਪ੍ਰਸੰਗਾਂ ਉੱਤੇ ਹੀ ਵਿਚਾਰ-ਵਟਾਂਦਰਾ ਸੰਭਵ ਹੁੰਦਾ ਹੈ।

### 2.2.4 ਇਕਾਈਬੱਧ ਪਾਠਕ੍ਰਮ (Unitisation of Syllabus) :

ਕੁਝ ਸਾਲਾਂ ਤੋਂ ਉਪਰਲੀਆਂ ਸੈਕੰਡਰੀ ਜਮਾਤਾਂ ਦੇ ਪਾਠਕ੍ਰਮ ਲਈ 'modular' ਜਾਂ 'Unitised' ਯੋਗਤਾਵਾਂ ਵਾਲਾ ਹੀ ਪਾਠਕ੍ਰਮ ਦਾ ਰੁਝਾਨ ਚੱਲ ਰਿਹਾ ਹੈ। ਖਾਸ ਕਰਕੇ 1980 ਵਿਆਂ ਵਿੱਚ ਇਸ ਪ੍ਰਕਾਰ ਦੀ ਰੁਚੀ ਵਧੇਰੇ ਵਿਖਾਈ ਗਈ ਅਤੇ ਬਹੁਤ ਸਾਰੇ ਕੋਰਸ ਸੈਕੰਡਰੀ ਸਕੂਲਾਂ ਵਿੱਚ ਸ਼ੁਰੂ ਅਤੇ ਵਿਕਸਤ ਕਰਾਏ ਗਏ। ਨਤੀਜੇ ਵਜੋਂ, ਇਕਾਈਬੱਧ ਕੋਰਸ ਦਾ ਉਦੇਸ਼ ਬਹੁਤ ਸਾਰੇ ਮੁੱਦਿਆਂ ਨੂੰ ਚਲਾਉਂਦਾ ਹੈ (ਉਦਾਹਰਨ ਲਈ Moon, 1998, Warwick, 1987)

1. ਸਾਰੇ ਪ੍ਰਕਰਣਾਂ/ਪ੍ਰਸੰਗਾਂ/ਉਪ-ਵਿਸ਼ਿਆਂ ਨੂੰ ਇਕੋ ਜਿਹੇ ਅਕਾਰ ਦੀਆਂ ਇਕਾਈਆਂ ਵਿੱਚ ਵੰਡਿਆ ਹੋਣਾ ਚਾਹੀਦਾ ਹੈ।
2. ਇਕਾਈ ਦੇ ਮੁੱਖ ਵਿਸ਼ੇ ਹੇਠਾਂ ਸਬੰਧਤ ਉਪ-ਵਿਸ਼ੇ ਹੋਣੇ ਚਾਹੀਦੇ ਹਨ।
3. ਇਕਾਈ ਦੇ ਅਧਿਐਨ ਸਮੇਂ ਇਕ ਉਪ ਵਿਸ਼ੇ ਨੂੰ ਲਉ ਅਤੇ ਪਾਠਕ੍ਰਮ ਵਿੱਚ ਉਸਦਾ ਸਾਰੇ ਪੱਖਾਂ ਤੋਂ ਡੂੰਘਾ ਅਧਿਐਨ ਕਰੇ। ਉਦਾਹਰਨ ਵਜੋਂ ਯੂਨਿਟ ਵਿੱਚ ਪੁਲਾੜ ਬਾਰੇ ਪੜ੍ਹਨਾ ਹੈ ਤਾਂ ਸਿਰਫ ਉਪ ਵਿਸ਼ੇ ਦੇ ਸਾਇੰਸ ਪੱਖ ਨੂੰ ਹੀ ਨਹੀਂ ਲਿਆ ਜਾਵੇਗਾ ਬਲਕਿ ਇਸ ਨਾਲ ਸਬੰਧਿਤ ਇਤਿਹਾਸ, ਗਣਿਤ, ਪੜ੍ਹਨਾ, ਲਿਖਣਾ, ਸੰਗੀਤ, ਕਲਾ ਆਦਿ ਵੀ ਲਏ ਜਾਣਗੇ। ਨਤੀਜੇ ਵਜੋਂ ਵਿਦਿਆਰਥੀ ਉਪ-ਵਿਸ਼ੇ ਨੂੰ ਵੱਡੀ ਤਸਵੀਰ ਵਾਂਗ ਸਮਝਣ ਲੱਗ ਪੈਂਦੇ ਹਨ।
4. ਇਕਾਈ ਦਾ ਅਧਿਐਨ ਇੱਕ ਇਕਾਈ ਦਾ ਦੀਰਘ ਤੇ ਵਿਆਪਕ ਅਧਿਐਨ ਹੈ। ਇਹ ਇੱਕ ਉਪ ਵਿਸ਼ੇ ਨਾਲ ਸਬੰਧਤ ਸਾਰੇ ਵਿਸ਼ਿਆਂ ਦਾ ਸਮੂਹ ਹੈ (ਸਮਾਜਿਕ ਸਿੱਖਿਆ, ਗਣਿਤ, ਵਿਗਿਆਨ, ਭਾਸ਼ਾ, ਕਲਾ, ਸੰਗੀਤ ਆਦਿ)

5. ਇਸ ਵਿੱਚ ਵੱਖ-ਵੱਖ ਵਿਸ਼ਿਆਂ ਦਾ ਸੰਗਮ ਹੁੰਦਾ ਹੈ, ਗਿਆਨ ਨੂੰ ਅੰਤਰ-ਸੰਬੰਧਤ ਕੀਤਾ ਜਾਂਦਾ ਹੈ। ਤਰਕ-ਵਿਤਰਕ ਕੀਤਾ ਜਾਂਦਾ ਹੈ ਅਤੇ ਕੁਦਰਤੀ ਢੰਗ ਨਾਲ ਸਿਖਾਇਆ ਜਾਂਦਾ ਹੈ।
6. ਇਹ ਇਸ ਚੀਜ਼ ਦੇ ਵਿਰੁੱਧ ਹੈ ਕਿ 50 ਮਿੰਟ ਇਤਿਹਾਸ ਨੂੰ ਦਿੱਤੇ ਜਾਣ, ਅਗਲੇ 50 ਮਿੰਟ ਵਿਗਿਆਨ ਨੂੰ ਅਤੇ ਅਗਲੇ 50 ਮਿੰਟ ਸਾਹਿਤ ਨੂੰ ਦਿੱਤੇ ਜਾਣ, ਜਿਹੜੇ ਉਪ-ਵਿਸ਼ੇ ਨਾਲ ਅੰਤਰ-ਸਬੰਧਤ ਨਹੀਂ ਹਨ।
7. ਇਸ ਵਿੱਚ ਵਿਸ਼ੇ ਦੀ ਮੁਹਾਰਤਾ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਵਧੀਆ ਸਿੱਖਿਆ ਲਈ ਸੱਤ ਚਰਣਾਂ ਵਿੱਚ ਵਿਕਸਤ ਕੀਤਾ ਜਾ ਸਕਦਾ ਹੈ। ਇਸ ਵਿੱਚ ਇਕਾਈ ਦਾ ਉਦੇਸ਼ ਅਤੇ ਇਕਾਈ ਦੀ ਚੋਣ ਦੇ ਮਾਪਦੰਡ ਵੀ ਸ਼ਾਮਲ ਹਨ। ਵੱਖ-ਵੱਖ ਰੁਚੀਆਂ ਤੇ ਵੱਖ-ਵੱਖ ਸਮਰਥਾਵਾਂ ਤੇ ਸਿੱਖਣ-ਪੱਧਰਾਂ ਮੁਤਾਬਕ ਪਾਠ ਯੋਜਨਾ ਤਿਆਰ ਕਰਨੀ ਵੀ ਸ਼ਾਮਲ ਹੈ।
8. ਇਕਾਈ ਰਾਹੀਂ ਸਾਨੂੰ ਕੁਸ਼ਲਤਾਵਾਂ ਸਿਖਾਉਣ ਦਾ ਕ੍ਰਮ ਤੇ ਸਿਖਾਉਣ ਦੀ ਗਤੀ ਪਤਾ ਲਗਦੀ ਹੈ।
9. ਇਕਾਈ ਦੇ ਅਧਿਐਨ ਨਾਲ ਲਿਖਣ ਕੁਸ਼ਲਤਾ ਦੀ ਪੇਸ਼ਕਸ਼ ਹੁੰਦੀ ਹੈ ਜਿਸ ਨਾਲ ਭਵਿੱਖ ਵਿੱਚ ਲੇਖਕ ਬਣਾਉਣ ਲਈ ਉਹਨਾਂ ਨੂੰ ਕੀ ਤੇ ਕਿਵੇਂ ਸਿਖਾਉਣਾ ਹੈ, ਸ਼ਾਮਲ ਹੈ (Ray, 2006)
10. ਇਕਾਈ ਪਹੁੰਚ ਦਾ ਮੁੱਖ ਕਥਨ ਹੈ ਕਿ ਵਿਦਿਆਰਥੀ ਇਸ ਤੋਂ ਲਿਖਣ ਦੀਆਂ ਕਿਸਮਾਂ ਦਾ ਲਾਭ ਉਠਾਉਂਦੇ ਹਨ।
11. ਇਕਾਈ ਅਧਿਐਨ ਦਾ ਢਾਂਚਾ ਵਿਦਿਆਰਥੀਆਂ ਨੂੰ ਲਿਖਣ ਕਲਾ ਦਾ ਅਧਿਐਨ ਤੇ ਜਾਣਨ ਦੇ ਮੌਕੇ ਦਿੰਦਾ ਹੈ, ਜੋ ਅਸਲ ਸੰਸਾਰ ਵਿੱਚ ਲੱਭੇ ਜਾਂਦੇ ਹਨ।

### **2.2.**4.1 ਇਕਾਈਬੱਧ ਸਿਲੇਬਸ ਦੇ ਲਾਭ ਜਾਂ ਗੁਣ :

ਵੱਖ-ਵੱਖ ਅਨੁਸ਼ਾਸਨਾਂ ਦੇ ਅੰਤਰ ਸੰਬੰਧ ਨਾਲ ਇਕ ਉਪ ਵਿਸ਼ੇ ਦਾ ਡੂੰਘਾਈ ਵਿਚ ਅਧਿਐਨ ਕੀਤਾ ਜਾਂਦਾ ਹੈ। ਉਦਾਹਰਨ ਵਜੋਂ ਤੁਸੀਂ ਆਪਣੇ ਬੱਚੇ ਦੀ ਟਿਕਟਾਂ ਇਕੱਠੀਆਂ ਕਰਨ ਦੀ ਰੁਚੀ ਨੂੰ ਇਕਾਈਬੱਧ ਅਧਿਐਨ ਰਾਹੀਂ ਵਿਕਸਤ ਕਰ ਸਕਦੇ ਭਿੰਨ-ਭਿੰਨ ਮੁਦਰਾਵਾਂ ਵੱਖ-ਵੱਖ ਸਮਿਆਂ ਵਿੱਚ (ਇਤਿਹਾਸ), ਵਰਗੀਕਰਨ (ਵਿਗਿਆਨ), ਕਲਾ ਤੇ ਰਿਪੋਰਟ ਦੇਣ ਜਾਂ ਲਿਖਣ ਲਈ ਸੰਚਾਰ ਕੁਸ਼ਲਤਾਵਾਂ (ਲਿਖਣਾ/ਵਿਆਕਰਨ) ਜਾਂ ਭਾਸ਼ਣ। ਇਕਾਈਬੱਧ ਅਧਿਐਨ ਵਿੱਚ ਭ੍ਰਮਣ ਯਾਤਰਾ ਕਰਨਾ ਤੇ ਜਾਂਚ ਕਰਨ ਵਾਲੀਆਂ ਗਤੀਵਿਧੀਆਂ ਰਾਹੀਂ ਵੀ ਲਾਭ ਮਿਲਦਾ ਹੈ।

ਇਕਾਈ ਪਾਠਕ੍ਰਮ ਦੇ ਹੇਠ ਲਿਖੇ ਲਾਭ ਹਨ, ਜਿਸਨੂੰ ਸਿੱਖਿਆ ਦੇਣ ਦੇ ਕਿਸੇ ਵੀ ਢੰਗ ਵਿਚ ਵਰਤਿਆ ਜਾ ਸਕਦਾ ਹੈ :-

1. **ਡੂੰਘਾ ਅਧਿਐਨ :**

ਬਹੁਤੀ ਵਾਰੀ ਅਸੀਂ ਕਿਸੇ ਉਪ ਵਿਸ਼ੇ ਦੇ ਖੇਤਰ ਦਾ ਅਧਿਐਨ ਸਿਰਫ ਸਭ ਹੀ ਪੱਧਰ ਉਤੇ ਹੀ ਕਰਦੇ ਹਾਂ ਅਤੇ ਫੇਰ ਅਗਲੇ ਉਪ-ਵਿਸ਼ੇ ਵੱਲ ਚਲੇ ਜਾਂਦੇ ਹਾਂ। ਜਿਸ ਤਰ੍ਹਾਂ ਦਾ ਸਾਡਾ ਟਿਊਟੋਰੀਅਲ ਸਿਸਟਮ ਹੈ, ਉਸ ਵਿਚ ਅਸੀਂ ਇਕ ਉਪ ਵਿਸ਼ੇ ਵਿਚ ਉਨੀ ਦੇਰ ਤੱਕ ਰਹਿੰਦੇ ਹਨ ਜਿੰਨੀ ਦੇਰ ਤੱਕ ਸਾਨੂੰ ਸਾਡੇ ਸੁਆਲਾਂ ਦਾ ਜੁਆਬ ਨਹੀਂ ਮਿਲ ਜਾਂਦਾ ਅਤੇ ਸਾਡੀ ਸੰਤੁਸ਼ਟੀ ਨਹੀਂ ਹੁੰਦੀ। ਸਿੱਟੇ ਵਜੋਂ ਅਸੀਂ ਆਪਣੇ ਵਿਸ਼ੇ ਨਾਲ ਜੁੜ ਜਾਵਾਂਗੇ।

2. **ਜਾਂਚ ਪੜਤਾਲ :**

ਆਮ ਤੌਰ ਤੇ ਖੋਜ ਕਾਰਜ ਉਹ ਵਿਅਕਤੀ ਕਰਦਾ ਹੈ ਜਿਸਨੇ ਵੱਧ ਸਿੱਖਿਆ ਹੁੰਦਾ ਹੈ ਜਾਂ ਜਿਸ ਕੋਲ ਜ਼ਿਆਦਾ ਜਾਣਕਾਰੀ ਹੁੰਦੀ ਹੈ। ਇਕਾਈ ਦਾ ਅਧਿਐਨ ਨਿੱਜੀ ਜਾਂਚ ਪੜਤਾਲ ਨੂੰ ਉਤਸ਼ਾਹਤ ਕਰਨ ਲਈ ਮੌਕੇ

ਦਿੰਦਾ ਹੈ। ਜਦੋਂ ਵਿਦਿਆਰਥੀਆਂ ਦਾ ਮਨਪਸੰਦ ਵਿਸ਼ਾ ਚੱਲ ਰਿਹਾ ਹੋਵੇ ਤਾਂ ਉਹ ਆਪਣੇ ਸੁਆਲਾਂ ਦਾ ਜੁਆਬ ਲੱਭਣਾ ਚਾਹੁੰਦੇ ਹਨ।

3. **ਸਿੱਖਣ ਸੰਦਾਂ ਦਾ ਪ੍ਰਯੋਗ :**

ਵਿਦਿਆਰਥੀਆਂ ਦੀਆਂ ਕੁਸ਼ਲਤਾਵਾਂ ਦਾ ਵਿਕਾਸ ਕਰਨਾ ਵੀ ਇਕ ਟੀਚਾ ਹੈ। ਕੁਸ਼ਲਤਾਵਾਂ ਨੂੰ ਕ੍ਰਮਬੱਧ ਰੂਪ ਵਿੱਚ ਵਿਕਸਿਤ ਕੀਤਾ ਜਾਂਦਾ ਹੈ। ਪਰੰਤੂ ਇਸਦਾ ਅਰਥ ਇਹ ਨਹੀਂ ਕਿ ਪਾਠਕ੍ਰਮ ਤਿਆਰ ਕਰਨ ਵਾਲਾ ਆਪਣੀ ਮਰਜ਼ੀ ਨਾਲ ਉਪ ਵਿਸ਼ੇ ਲਾਗੂ ਕਰ ਦੇਵੇ। ਜਿਸ ਵਿਚ ਵਿਦਿਆਰਥੀ ਦੀ ਰੁਚੀ ਹੈ, ਜਦੋਂ ਉਸਨੂੰ ਨਿਰੀਖਣ ਹੇਠ ਨਿਭਾਉਂਦਾ ਹੈ ਤਾਂ ਕਈ ਨਵੀਆਂ ਗੱਲਾਂ ਵੀ ਉਸਨੂੰ ਉਸ ਵਿਚੋਂ ਮਿਲਦੀਆਂ ਹਨ। ਪੜ੍ਹਨ ਦੀ ਰੁਚੀ ਅਤੇ ਗਣਿਤ ਦੀਆਂ ਕੁਸ਼ਲਤਾਵਾਂ ਵੀ ਸਥਿਤੀ ਮੁਤਾਬਕ ਤੇ ਬੱਚਿਆਂ ਦੀਆਂ ਰੁਚੀਆਂ ਅਨੁਸਾਰ ਸਿਖਾਈਆਂ ਜਾ ਸਕਦੀਆਂ ਹਨ।

4. **ਪਰਿਵਾਰ ਲਈ ਸਮਾਂ :**

ਇਤਿਹਾਸ, ਸਾਹਿਤ ਅਤੇ ਕਲਾ ਕੁਝ ਅਜਿਹੀਆਂ ਉਦਾਹਰਨਾਂ ਹਨ ਜਿਸਨੂੰ ਸਾਰਾ ਪਰਿਵਾਰ ਇਕੱਠਾ ਬੈਠ ਕੇ ਸਿੱਖ ਸਕਦਾ ਹੈ। ਹਰੇਕ ਬੱਚੇ ਦੇ ਪੱਧਰ ਮੁਤਾਬਕ ਜਦੋਂ ਉਹ ਕਿਸੇ ਵਿਸ਼ੇ ਦਾ ਅਧਿਐਨ ਕਰਦਾ ਹੈ, ਤਾਂ ਉਸਨੂੰ ਕਾਰਜ ਸੌਂਪਣੀਆਂ ਦਿੱਤੀਆਂ ਜਾ ਸਕਦੀਆਂ ਹਨ।

5. **ਲਿਖਣ ਦਾ ਤਜ਼ਰਬਾ :**

ਇਸ ਪਹੁੰਚ ਵਿੱਚ ਇਕ ਹੋਰ ਗੱਲ ਇਹ ਹੈ ਕਿ ਵਿਦਿਆਰਥੀਆਂ ਨੂੰ ਆਪਣੇ ਵਿਚਾਰਾਂ ਆਪਣੀ ਅਵਾਜ਼ ਨੂੰ ਲਿਖਣ ਲਈ ਉਪ ਵਿਸ਼ਾ ਚੁਣਨ ਦੀ ਆਗਿਆ ਦਿੱਤੀ ਜਾਂਦੀ ਹੈ। ਇਸ ਢੰਗ ਨਾਲ ਲਿਖਣ ਦੀ ਕਲਾ ਰਾਹੀਂ ਵਿਦਿਆਰਥੀ ਜਮਾਤ ਤੇ ਜਮਾਤ ਤੋਂ ਬਾਹਰ ਮਿੱਥੇ ਹੋਏ ਤਜ਼ਰਬਿਆਂ ਨੂੰ ਲਿਖਣ ਸ਼ੈਲੀ ਨਾਲ ਬੰਨਦਾ ਹੈ।

6. **ਪੜ੍ਹਨ ਲਈ ਮਹੱਤਵਪੂਰਨ :**

ਬਹੁਤ ਸਾਰੇ ਨੌਜਵਾਨ ਬਾਲਗ ਆਪਣੀਆਂ ਲਿਖਤਾਂ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਪੜ੍ਹਨ ਨੂੰ ਮਹੱਤਵ ਦਿੰਦੇ ਹਨ। ਨੌਜਵਾਨ ਲੇਖਕ Chris Crutcher ਨੇ ਵਿਦਿਆਰਥੀਆਂ ਨੂੰ ਸਲਾਹ ਦਿੱਤੀ ਕਿ ਜਿਸ ਖੇਤਰ ਬਾਰੇ ਤੁਸੀਂ ਲਿਖਣਾ ਚਾਹੁੰਦੇ ਹੋ, ਉਸ ਬਾਰੇ ਵੱਧ ਤੋਂ ਵੱਧ ਪੜ੍ਹੋ। (The New York Public Library, 2002 NP)

7. **ਧੀਮੀ ਗਤੀ ਵਾਲੇ ਅਕਾਦਮਿਕ ਵਿਦਿਆਰਥੀਆਂ ਦੀ ਮਦਦ :**

ਜਿਹੜੇ ਵਿਦਿਆਰਥੀ ਅਕਾਦਮਿਕ ਪੱਧਰ ਵਿਚ ਹੌਲੀ ਗਤੀ ਵਾਲੇ ਹਨ, ਉਹਨਾਂ ਲਈ ਇਕਾਈ ਅਧਿਐਨ ਦਾ ਢਾਂਚਾ 'ਇੱਛਾ' ਤੇ 'ਕੁਸ਼ਲਤਾ' ਦਾ ਸੁਮੇਲ ਕਰਦਾ ਹੈ। ਇਕਾਈਬੱਧ ਅਧਿਐਨ ਰਾਹੀਂ ਆਪ ਉਪ ਵਿਸ਼ਿਆਂ ਦੀ ਚੋਣ ਕਰਦੇ ਹਨ ਜਿਸ ਨਾਲ ਉਹਨਾਂ ਦੀ ਕੰਮ ਪ੍ਰਤੀ ਇੱਛਾ ਵਧਦੀ ਹੈ।

8. **ਸਵੈ-ਪ੍ਰਭਾਵਿਕਤਾ :**

ਜਿਹੜੇ ਵਿਦਿਆਰਥੀ ਅਕਾਦਮਿਕ ਤੌਰ ਉਤੇ ਅੱਗੇ ਹਨ, ਉਹ ਸਵੈ-ਪ੍ਰਭਾਵਿਕਤਾ ਵੀ ਰੱਖਦੇ ਹਨ ਭਾਵ ਪ੍ਰਭਾਵਸ਼ਾਲੀ ਹੁੰਦੇ ਹਨ (ਪ੍ਰਾਪਤ ਗਿਆਨ ਨੂੰ ਵਰਤ ਸਕਦੇ ਹਨ) ਅਤੇ ਸਵੈ ਨਿਰਧਾਰਕ ਹੁੰਦੇ ਹਨ (ਗਿਆਨ ਤੇ ਚੇਤੰਨਤਾ ਰਾਹੀਂ ਕੰਮ ਦੌਰਾਨ ਮਦਦ ਕਰ ਸਕਦੇ ਹਨ) ਵਿਦਿਆਰਥੀ ਦੀ ਸਵੈ-ਪ੍ਰਭਾਵਿਕਤਾ ਨਾਲ ਉਹ ਟੈਕਸਟ ਦਾ ਵਿਸ਼ਲੇਸ਼ਣ ਕਰਦੇ ਹਨ ਅਤੇ ਉਤਸ਼ਾਹਜਨਕ ਵਾਤਾਵਰਨ ਵਿੱਚ ਸਿੱਖਦੇ ਹਨ। ਇਸ ਪ੍ਰਕਿਰਿਆ ਵਿਚ ਚੁਸਤ ਅਧਿਆਪਨ ਤੱਤ ਹੁੰਦਾ ਹੈ ਨਾ ਕਿ ਲਿਖਣ ਲਈ ਸਿਰਫ ਕੰਮ ਦਿੱਤਾ ਜਾਂਦਾ ਹੈ।

9. **ਗੁਣਵੱਤਾ ਸਾਹਿਤ ਤੋਂ ਮੂਲ ਪਾਠ ਇਕੱਠੇ ਕਰਨਾ :**

ਗੁਣਵੱਤਾ ਸਾਹਿਤ ਦਾ ਵੀ ਲਾਭ ਉਠਾਇਆ ਜਾ ਸਕਦਾ ਹੈ। ਚੰਗੀਆਂ ਪੁਸਤਕਾਂ ਪੜ੍ਹਨ ਨਾਲ ਵਿਦਿਆਰਥੀਆਂ ਨੂੰ ਪਤਾ ਲੱਗਦਾ ਹੈ ਕਿ ਚੰਗੇ ਲਿਖਾਰੀ ਕਿਵੇਂ ਲਿਖਦੇ ਹਨ। ਅਧਿਆਪਕ ਚੰਗੀਆਂ ਪੁਸਤਕਾਂ

ਦੀ ਭਾਲ ਕਰਦੇ ਹਨ। ਵਿਦਿਆਰਥੀ ਵੀ ਚੰਗੀਆਂ ਪੁਸਤਕਾਂ ਦੀ ਭਾਲ ਕਰ ਸਕਦੇ ਹਨ। ਚੁਣੀਆਂ ਕਿਤਾਬਾਂ ਦੇ ਮੂਲ ਪਾਠ ਵਿਚੋਂ ਵਿਦਿਆਰਥੀ ਵੱਖ-ਵੱਖ ਅਨੁਭਵਾਂ ਨੂੰ ਵੇਖਣਾ ਚਾਹੁੰਦੇ ਹਨ। ਇਸ ਨਾਲ ਵਿਦਿਆਰਥੀ ਵੇਖਦੇ ਹਨ ਕਿ ਯਾਦਾਂ ਦੇ ਅਧਾਰ ਉਤੇ ਕਲਮਬੱਧ ਕੀਤੀਆਂ ਰਚਨਾਵਾਂ ਸਿਰਫ ਨੁਮਾਇਸ਼ੀ ਤਜ਼ਰਬਾ ਤੇ ਮਹਿੰਗੀਆਂ ਛੁੱਟੀਆਂ ਦੇ ਆਧਾਰ ਉਤੇ ਹੀ ਨਹੀਂ_ਲਕਿ ਇਹ ਰੋਜ਼ਮਰਾ ਦੇ ਤਜ਼ਰਬਿਆਂ ਅਤੇ ਜ਼ਿੰਦਗੀ ਦੇ ਖਾਮੋਸ਼ ਪਲਾਂ ਤੇ ਆਧਾਰਿਤ ਹੈ। ਅਸੀਂ ਦੇਖਦੇ ਹਾਂ ਕਿ ਕਈ ਵਾਰ ਲੇਖਕ ਆਪਣੀ ਖਾਸ ਕਲਮ ਫੁੱਟਬਾਲ ਖੇਡ ਤੇ ਆਪਣੇ ਦੋਸਤ ਨਾਲ ਕੀਤੀ ਖਾਸ ਵਾਰਤਾਲਾਪ ਨੂੰ ਲੱਭਦਾ ਹੈ।

10. ਕਾਨਫਰੰਸਾਂ :

ਯੂਨਿਟ ਦੌਰਾਨ ਅਸੀਂ ਕਈ ਵਾਰ ਛੋਟੇ ਗਰੁੱਪਾਂ ਜਾਂ ਨਿੱਜੀ ਤੌਰ ਉੱਤੇ ਕਾਨਫਰੰਸਾਂ ਵਿਦਿਆਰਥੀ ਦੀਆਂ ਲਿਖਣ ਸੰਬੰਧੀ ਲੋੜਾਂ ਲਈ ਕਰ ਸਕਦੇ ਹਾਂ। ਉਸ ਵਿਚ ਅਸੀਂ ਵਿਦਿਆਰਥੀਆਂ ਨੂੰ ਆਪਣੇ ਖਰੜੇ ਸੰਬੰਧੀ ਵਧੀਆ ਪ੍ਰਸ਼ਨ ਪੁੱਛਣ ਲਈ ਉਤਸ਼ਾਹਿਤ ਕਰ ਸਕਦੇ ਹਾਂ ਤਾਂ ਕਿ ਮਾੜੀ ਜਾਂ ਤੁਕਹੀਣ ਵਾਰਤਾਲਾਪ ਤੋਂ ਬਚਿਆ ਜਾ ਸਕੇ।

**2.2.5 ਸੰਯੁਕਤ ਪਾਠਕ੍ਰਮ ਦਾ ਅਰਥ :**

ਅੱਜਕਲ ਸੰਯੁਕਤ ਪਾਠਕ੍ਰਮ ਉਤੇ ਜ਼ੋਰ ਦਿੱਤਾ ਜਾਂਦਾ ਹੈ। ਸੰਯੁਕਤ ਪਾਠਕ੍ਰਮ ਵਿੱਚ ਵੱਖ-ਵੱਖ ਵਿਸ਼ਾ ਸਮੱਗਰੀ ਨੂੰ ਜੋੜਿਆ ਜਾਂਦਾ ਹੈ, ਧਾਰਨਾਵਾਂ ਨੂੰ, ਇਕੱਠਾ ਕੀਤਾ ਜਾਂਦਾ ਹੈ। ਸੰਯੁਕਤ ਪਾਠਕ੍ਰਮ ਵਿਦਿਆਰਥੀਆਂ ਦੇ ਸੰਬੰਧ ਆਪਸ ਵਿਚ ਜੋੜਦਾ ਹੈ, ਉਹਨਾਂ ਨੂੰ ਯੋਗ ਪ੍ਰਣਾਲੀ ਨਾਲ ਸੰਬੰਧਿਤ ਕਰਕੇ, ਅਰਥ ਭਰਪੂਰ ਗਤੀਵਿਧੀਆਂ ਰਾਹੀਂ ਅਸਲੀ ਜ਼ਿੰਦਗੀ ਨਾਲ ਜੋੜਦਾ ਹੈ। ਸੰਯੁਕਤ ਪਾਠਕ੍ਰਮ ਨੂੰ ਇਸ ਢੰਗ ਨਾਲ ਸੰਗਠਤ ਕੀਤਾ ਜਾਂਦਾ ਹੈ ਕਿ ਇਹ ਵਿਸ਼ਾ ਸਮੱਗਰੀ ਤੋਂ ਉਪਰ ਉਠਕੇ ਪਾਠਕ੍ਰਮ ਦੇ ਵੱਖ-ਵੱਖ ਪੱਖਾਂ ਨੂੰ ਅਰਥ ਭਰਪੂਰ ਸੰਬੰਧਾਂ ਨਾਲ ਜੋੜਕੇ ਵਿਸ਼ਾਲ ਖੇਤਰ ਦਾ ਅਧਿਐਨ ਕਰਦਾ ਹੈ। ਇਹ ਵਾਸਤਵਿਕ ਸੰਸਾਰ ਨੂੰ ਪ੍ਰਤੀਬਿੰਬਤ ਕਰਦਾ ਹੈ ਅਤੇ ਇਸਦਾ ਅਧਿਆਪਨ ਤ ਸਿੱਖਣ ਪੂਰਨ ਰੂਪ ਵਿਚ ਹੁੰਦੀ ਨਾ ਕਿ ਹਿੱਸਿਆਂ ਵਿੱਚ।

**ਸੰਯੁਕਤ ਪਾਠਕ੍ਰਮ ਦੀਆਂ ਪਰਿਭਾਸ਼ਾਵਾਂ :**

ਇਕ ਬੁਨਿਆਦੀ ਪਰਿਭਾਸ਼ਾ Humphreys (Humphreys, Port and Ellis, 1981) ਦੁਆਰਾ ਦਿੱਤੀ ਗਈ, ''ਸੰਯੁਕਤ ਪਾਠਕ੍ਰਮ ਅਜਿਹਾ ਪਾਠਕ੍ਰਮ ਹੈ ਜਿਸ ਵਿੱਚ ਬੱਚੇ ਵਾਤਾਵਰਨ ਨਾਲ ਸੰਬੰਧਤ ਕੁਝ ਵਿਸ਼ੇਸ਼ ਪੱਖਾਂ ਬਾਰੇ ਵੱਖ-ਵੱਖ ਵਿਸ਼ਿਆਂ ਦੇ ਗਿਆਨ ਦਾ ਡੂੰਘਾ ਅਧਿਐਨ ਕਰਦਾ ਹੈ। ਉਹ ਹਿਊਮੈਨੀਟੀਜ਼, ਸੰਚਾਰ ਕਲਾ, ਕੁਦਰਤੀ ਵਿਗਿਆਨ, ਗਣਿਤ, ਸਮਾਜਿਕ ਸਿੱਖਿਆ, ਸੰਗੀਤ ਤੇ ਕਲਾ ਵਿੱਚ ਸੰਬੰਧ ਦੇਖਦਾ ਹੈ।ਕੁਸ਼ਲਤਾਵਾਂਤੇ ਗਿਆਨ ਨੂੰ ਵਿਕਸਤ ਕੀਤਾ ਜਾਂਦਾ ਹੈ ਅਤੇ ਇਹਨਾਂ ਨੂੰ ਇਕ ਖੇਤਰ ਤੋਂ ਵੱਧ ਵਿਚ ਲਾਗੂ ਕੀਤਾ ਜਾਂਦਾ ਹੈ।

Good (1973) ਦੇ ਅਨੁਸਾਰ, ''ਪਾਠਕ੍ਰਮ ਦਾ ਸੰਗਠਨ ਵਿਸ਼ਾ-ਸਮੱਗਰੀ ਦੀਆਂ ਹੱਦਾਂ ਤੋਂ ਉਪਰ ਜ਼ਿੰਦਗੀ ਦੀਆਂ ਸਮੱਸਿਆਵਾਂ ਨੂੰ ਸਮਝਣ ਜਾਂ ਅਜਿਹੇ ਵਿਸ਼ਾਲ-ਖੇਤਰ ਦਾ ਅਧਿਐਨ ਜਿਹੜਾ ਪਾਠਕ੍ਰਮ ਵਿੱਚ ਸਾਰਥਕ ਸੰਬੰਧ ਰਾਹੀਂ ਵੱਖ-ਵੱਖ ਪੱਖਾਂ ਨੂੰ ਇਕੱਠਾ ਕਰਦਾ ਹੈ।

According to Good (1973) "a curriculum organization which cuts across subject-matter lines to focus upon comprehensive life problems or broad based aread of study that brings together the various segmens of the curriculum into meaningful association.

Jacobs (1989) ਅੰਤਰ-ਅਨੁਸ਼ਾਸਨ ਨੂੰ ਪਰਿਭਾਸ਼ਤ ਕਰਦਾ ਹੈ, "a knowledge view the curricular approach that consciously applies methodology and language from more than one discipline to Examine or Central theme, issue, problem, topic or experience".

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਇਕਾਈਬੱਧ ਸਿਲੇਬਸ ਦੀ ਪਰਿਭਾਸ਼ਾ ਦਿਉ।

.................................................................................................................

.................................................................................................................

2. ਘੁਮਾਉਦਾਰ ਪਾਠਕ੍ਰਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਲਿਖੋ।

.................................................................................................................

.................................................................................................................

**2.2.**5.1 ਸੰਯੁਕਤ ਪਾਠਕ੍ਰਮ ਦੀਆਂ ਵਿਭਿੰਨ ਪਹੁੰਚਾਂ

ਇਸ ਦੀਆਂ ਚਾਰ ਪ੍ਰਮੁੱਖ ਪਹੁੰਚਾਂ ਹਨ

- ਅੰਦਰ ਅਨੁਸ਼ਾਸਨੀ ਪਹੁੰਚ
- ਬਹੁ-ਅਨੁਸ਼ਾਸਨੀ ਪਹੁੰਚ
- ਅੰਤਰ-ਅਨੁਸ਼ਾਸਨੀ ਪਹੁੰਚ
- ਬਹੁ ਵਿਸ਼ਾਂਈ ਪਹੁੰਚ

**1. ਅੰਦਰ-ਅਨੁਸ਼ਾਸਨੀ ਪਹੁੰਚ (Intra disciplinary approach) :**

ਇਸ ਪਹੁੰਚ ਵਿੱਚ ਅਧਿਆਪਕ ਇਕ ਵਿਸ਼ਾ ਖੇਤਰ ਨੂੰ ਅੱਗੇ ਉਪ-ਵਿਸ਼ਿਆਂ ਵਿੱਚ ਵੰਡ ਲੈਂਦਾ ਹੈ। ਪਾਠਕ੍ਰਮ ਨੂੰ ਸੰਯੁਕਤ ਕਰਨ ਲਈ ਇਹ ਇਕ ਆਮ ਪਹੁੰਚ ਕਿਉਂਕਿ ਇਸ ਵਿਚ ਬਹੁਤ ਸਾਰੇ ਪਾਠਕ੍ਰਮ ਨੂੰ ਸੰਯੁਕਤ ਕਰਨ ਲਈ ਇਹ ਇਕ ਆਮ ਪਹੁੰਚ ਕਿਉਂਕਿ ਇਸ ਵਿਚ ਬਹੁਤ ਸਾਰੇ ਥੀਮ ਤੇ ਉਪ ਥੀਮ ਇਕੱਠੇ ਹੋ ਜਾਂਦੇ ਹਨ। ਦੂਜੀ ਪਹੁੰਚ ਇਕਰੂਪਤਾ ਦੀ ਹੈ ਜਿਸ ਵਿਚ ਅਧਿਆਪਕ ਵੱਖ-ਵੱਖ ਕੁਸ਼ਲਤਾਵਾਂ, ਗਿਆਨ ਆਦਿ ਨੂੰ ਸਾਰੇ ਪਾਠਕ੍ਰਮ ਵਿਚ ਮਿਲਾ ਦਿੰਦਾ ਹੈ। ਵਿਦਿਆਰਥੀ ਨੂੰ ਬੁਨਿਆਦੀ ਕੁਸ਼ਲਤਾਵਾਂ ਸਿਖਾਉਣ ਵਿਚ ਮਦਦ ਕਰਨ ਲਈ ਇਕਰੂਪਤਾ ਇਕ ਢੰਗ ਹੈ। ਵਿਦਿਆਰਥੀਆਂ ਦੀ ਇਹ ਵੀ ਮਦਦ ਕੀਤੀ ਜਾਂਦੀ ਹੈ ਕਿ ਉਹਨਾਂ ਨੇ ਇਹਨਾਂ ਕੁਸ਼ਲਤਾਵਾਂ ਤੇ ਗਿਆਨ ਨੂੰ ਵੱਖ-ਵੱਖ ਵਿਸ਼ਿਆਂ ਵਿੱਚ ਕਿਵੇਂ ਵਰਤਣਾ ਹੈ।

**2. ਬਹੁ-ਅਨੁਸ਼ਾਸਨੀ ਪਹੁੰਚ (Multidisciplinary approach or Pluri disciplinary approach) :**

ਇਹ ਪਹੁੰਚ ਅਨੁਸ਼ਾਸਨਾਂ ਉਤੇ ਕੇਂਦਰਤ ਹੈ। ਅਧਿਆਪਕ ਇਸ ਪਹੁੰਚ ਦੀ ਵਰਤੋਂ ਕਰਦੇ ਸਮੇਂ ਇਕ ਥੀਮ ਨਾਲ ਸੰਬੰਧਤ ਅਨੁਸ਼ਾਸਨਾਂ ਨੂੰ ਸੰਗਠਤ ਕਰਦਾ ਹੈ। ਬਹੁ-ਅਨੁਸ਼ਾਸਨੀ ਸੰਯੁਕਤ ਪਾਠਕ੍ਰਮ ਦੀ ਰਚਨਾ ਲਈ, ਅਧਿਆਪਕ ਸਮਾਜਕ ਸਿੱਖਿਆ ਉਤੇ ਅਧਾਰਤ ਕੇਂਦਰ ਬਿੰਦੂ ਨੂੰ ਵਿਕਸਤ ਕਰਦਾ ਹੈ ਅਤੇ ਫਿਰ ਇਤਿਹਾਸ, ਭੂਗੋਲ, ਅਰਥ ਸ਼ਾਸਤਰ ਤੇ ਸਰਕਾਰ ਬਾਰੇ ਥੀਮ ਅਧਾਰਿਤ ਯੂਨਿਟ ਪੜ੍ਹਾਉਂਦਾ ਹੈ। ਅਧਿਆਪਕ ਗਣਿਤ ਵਿਚ ਵੀ ਭਿੰਨਾਤਮਕ ਸੰਖਿਆਵਾਂ, ਪ੍ਰਤੀਸ਼ਤ, ਦਸ਼ਮਲਵ ਤੇ ਅਨੁਪਾਤ ਦੇ ਸਬੰਧਾਂ ਰਾਹੀਂ ਪੜ੍ਹਾ ਸਕਦਾ ਹੈ। ਜਿਥੇ ਵਿਦਿਆਰਥੀ ਸਭਿਆਚਾਰ ਦੇ ਪੱਖਾਂ ਨੂੰ ਵੇਖਦੇ ਹਨ ਉਥੇ ਵਿਦਿਆਰਥੀ ਉਦਾਹਰਨ ਲਈ ਭਾਰਤ ਦੇ ਸਭਿਆਚਾਰਕ ਪੱਖ ਨੂੰ ਲੈ ਸਕਦਾ ਹੈ। ਥੀਮ ਅਧਾਰਤ ਮਾਡਲ ਨੂੰ ਲੈਣ ਦਾ ਫਾਇਦਾ ਇਹ ਹੈ ਕਿ ਇਸ ਨਾਲ ਪਾਠਕ੍ਰਮ ਨੂੰ ਰਾਸ਼ਟਰੀ ਤੇ ਰਾਜ ਪੱਧਰੀ ਢਾਂਚੇ ਤੇ ਮਾਪਦੰਡਾਂ ਅਨੁਸਾਰ ਜੋੜਨਾ ਸੌਖਾ ਹੋ ਜਾਂਦਾ ਹੈ। ਇਕ ਹੋਰ ਫਾਇਦਾ ਇਹ ਹੈ ਕਿ ਵਿਦਿਆਰਥੀਆਂ ਨੂੰ ਵੱਖ-ਵੱਖ ਅਨੁਸ਼ਾਸਨਾਂ/ਵਿਸ਼ਿਆਂ ਦੇ ਉਦੇਸ਼ਾਂ ਨੂੰ ਜੋੜਨ ਵਿੱਚ ਸੌਖ ਰਹਿੰਦੀ ਹੈ।

3. **ਅੰਤਰ-ਅਨੁਸ਼ਾਸਨੀ ਪਹੁੰਚ (Inter disciplinary Approach) :**

ਇਸ ਵਿੱਚ ਅਧਿਆਪਕ ਵੱਖ-ਵੱਖ ਅਨੁਸ਼ਾਸਨਾਂ ਵਿੱਚ ਸਾਂਝੇ ਸਿੱਖਣ ਤੱਤਾਂ ਨੂੰ ਪਾਠਕ੍ਰਮ ਵਿਚ ਸੰਗਠਤ ਕਰਦਾ ਹੈ। ਵੱਖ-ਵੱਖ ਵਿਸ਼ਿਆਂ ਦੇ ਸਾਂਝੇ ਗਿਆਨ ਨੂੰ ਸਿੱਖਣ ਨਾਲ ਅੰਤਰ-ਅਨੁਸ਼ਾਸਨੀ ਕੁਸ਼ਲਤਾਵਾਂ ਤੇ ਸੰਕਲਪ ਸਿੱਖੇ ਜਾਂਦੇ ਹਨ। ਅੰਤਰ-ਅਨੁਸ਼ਾਸਨੀ ਇਕਾਈ ਬਣਾਉਣ ਬਾਰੇ ਸੋਚਣਾ ਇਕ ਮਜਾਕ ਹੋ ਸਕਦਾ ਹੈ। ਗਣਿਤ ਤੇ ਸੰਚਾਰ ਕੁਸ਼ਲਤਾਵਾਂ ਬਾਰੇ ਸਿਖਾਉਂਦਿਆਂ ਮੂਰਤੀਕਲਾ ਜਾਂ ਗਾਉਣ ਦੀ ਕਲਾ ਦੇ ਪਾਠ ਉਤੇ ਕੇਂਦਰਿਤ ਕੀਤਾ ਜਾ ਸਕਦਾ ਹੈ। ਸਭਿਆਚਾਰ ਤੇ ਸੰਚਾਰ ਦੇ ਵਿਚਾਰਾਂ ਦੀਆਂ ਅੰਤਰ-ਅਨੁਸ਼ਾਸਨੀ ਕੁਸ਼ਲਤਾਵਾਂ ਬਾਰੇ ਪੜ੍ਹਾਉਂਦਿਆਂ ਪੌਣ-ਚੱਕੀਆਂ ਬਣਾਉਣ ਬਾਰੇ ਗੱਲ ਕੀਤੀ ਜਾ ਸਕਦੀ ਹੈ। ਇਸ ਪਹੁੰਚ ਰਾਹੀਂ ਵਿਦਿਆਰਥੀ ਆਮ ਪੜ੍ਹਾਏ ਜਾਣ ਨਾਲੋਂ ਜ਼ਿਆਦਾ ਸਿੱਖਦੇ ਹਨ। ਉਹ ਅੰਤਰ-ਅਨੁਸ਼ਾਸਨੀ ਕੁਸ਼ਲਤਾਵਾਂ ਜਿਵੇਂ ਸੋਚਣ, ਕੁਸ਼ਲਤਾ ਜਾਂ ਖੋਜ ਕੁਸ਼ਲਤਾ ਜਿਹੜੀ ਸਾਰਿਆਂ ਵਿਸ਼ਿਆਂ ਵਿਚ ਸਾਂਝੀਆਂ ਹੁੰਦੀਆਂ ਹਨ, ਬਾਰੇ ਸਿੱਖ ਸਕਦੇ ਹਨ। ਅਧਿਆਪਕਾਂ ਨੂੰ ਸਮੂਹ ਵਿੱਚ ਵਿਦਿਆਰਥੀ ਉਪ ਵਿਸ਼ੇ ਨੂੰ ਪੜ੍ਹਾਉਣ ਲਈ ਦਿੱਤੇ ਜਾਂਦੇ ਹਨ। ਸਮੱਸਿਆ ਇਹ ਹੈ ਕਿ ਵੱਖ-ਵੱਖ ਵਿਸ਼ੇ ਉਨੀ ਦੇਰ ਤੱਕ ਆਪਣੀ ਸੁਤੰਤਰ ਹੋਂਦ ਬਣਾਈ ਰੱਖਦੇ ਹਨ ਜਿੰਨੀ ਦੇਰ ਤੱਕ ਅਧਿਆਪਕ ਇਹਨਾਂ ਦਾ ਸੁਮੇਲ ਨਹੀਂ ਕਰਦਾ। ਟੀਮ ਅਧਿਆਪਨ ਮਤਭੇਦ ਪੈਦਾ ਕਰ ਸਕਦਾ ਹੈ ਅਤੇ ਵੱਖ-ਵੱਖ ਅਧਿਆਪਨ ਦਰਸ਼ਨਾਂ ਦਾ ਆਪਸੀ ਵਿਰੋਧ ਹੋ ਸਕਦਾ ਹੈ।

4. **ਬਹੁ ਵਿਸ਼ਈ ਪਹੁੰਚ (Trans disciplinary Approach) :**

ਇਸ ਵਿਚ ਅਧਿਆਪਕ ਪਾਠਕ੍ਰਮ ਨੂੰ ਵਿਦਿਆਰਥੀ ਦੀਆਂ ਰੁਚੀਆਂ ਤੇ ਉਸਦੇ ਪ੍ਰਸ਼ਨਾਂ ਦੇ ਮੁਤਾਬਿਕ ਢਾਲ ਲੈਂਦਾ ਹੈ। ਇਹਨਾਂ ਵਿਚੋਂ ਇਕ ਪ੍ਰੋਜੈਕਟ ਅਧਾਰਤ ਸਿੱਖਣਾ ਹੈ, ਜਿਸ ਵਿਚ ਵਿਦਿਆਰਥੀ ਸਮੱਸਿਆ ਦੇਖਦੇ ਹਨ ਅਤੇ ਫੈਸਲਾ ਕਰਦੇ ਹਨ ਕਿ ਉਹਨਾਂ ਨੇ ਵਿਸ਼ੇ ਵਿਚ ਕੀ ਸਿੱਖਣਾ ਹੈ। ਸੰਯੁਕਤ ਪਾਠਕ੍ਰਮ ਵਿਚ ਇਸ ਪਹੁੰਚ ਦੀ ਘੱਟ ਵਰਤੋਂ ਹੁੰਦੀ ਹੈ ਕਿਉਂਕਿ ਜਦੋਂ ਵਿਦਿਆਰਥੀ ਪਾਠਕ੍ਰਮ ਦਾ ਡਿਜ਼ਾਇਨ ਤਿਆਰ ਕਰਦੇ ਹਨ ਤਾਂ ਇਹ ਰਾਜ ਦੇ ਮਾਪਦੰਡਾਂ ਨੂੰ ਪੂਰਾ ਨਹੀਂ ਕਰਦਾ ਜਿਵੇਂ ਭੂਮੱਧ ਰੇਖਾ ਉਤੇ ਪੜ੍ਹਾਉਣ ਲਈ ਅਧਿਆਪਕ online ਉਤੇ ਸਮੱਗਰੀ ਦੇਖਦਾ ਹੈ ਅਤੇ ਬੱਚਿਆਂ ਨਾਲ ਅੰਤਰ-ਕਿਰਿਆ ਲਈ ਨਕਸ਼ਾ ਲੱਭਦਾ ਹੈ। ਇਸ ਵਿੱਚ ਬੱਚਿਆਂ ਦੇ ਸਿੱਖਣ ਦੇ ਪੱਧਰ ਮੁਤਾਬਕ ਜੋ ਉਹ ਸਿੱਖਣਾ ਚਾਹੁੰਦੇ ਹਨ, ਉਹ ਸਿਖਾਇਆ ਜਾਂਦਾ ਹੈ। ਵਿਦਿਆਰਥੀ ਅਸਲ ਜਿੰਦਗੀ ਦੀ ਸਮੱਸਿਆ ਨੂੰ ਹੱਲ ਕਰਨ ਲਈ ਇਕੱਠੇ ਯਤਨ ਕਰਦੇ ਹਨ। ਇਸ ਕਿਸਮ ਦੇ ਮਾਡਲ ਵਿਚ ਆਦਰਸ਼ਵਾਦੀ ਅਧਿਆਪਕ ਪਾਠਕ੍ਰਮ ਦਾ ਕੇਂਦਰ ਬਿੰਦੂ ਤਕਨਾਲੋਜੀ ਨੂੰ ਰੱਖਦਾ ਹੈ। ਵਿਦਿਆਰਥੀ ਸਮੱਸਿਆ ਦੇ ਸਿਰਫ ਇਕ ਪੱਖ ਨੂੰ ਨਹੀਂ ਦੇਖਦੇ ਬਲਕਿ ਸਮੱਸਿਆ ਦੇ ਸਾਰੇ ਪੱਖਾਂ ਨੂੰ ਵੇਖਦੇ ਹਨ। ਸਮੱਸਿਆ ਅਧਾਰਤ ਮਾਡਲ ਨੂੰ ਵਰਤਣ ਦਾ ਇਕ ਫਾਇਦਾ ਹੈ ਕਿ ਇਹ ਸਮੱਸਿਆ ਦੇ ਸਾਰੇ ਪੱਖਾਂ ਨੂੰ ਦੇਖਦੇ ਹੋਏ ਵਿਦਿਆਰਥੀਆਂ ਦੀਆਂ ਵੰਡੀਆਂ ਸਮਰਥਾਵਾਂ ਦੀ ਪੇਸ਼ਕਸ਼ ਕਰਦੀ ਹੈ। ਉਦਾਹਰਨ ਲਈ ਜਲਵਾਯੂ ਪਰਿਵਰਤਨ ਉਪ ਵਿਸ਼ੇ ਨੂੰ ਵਿਦਿਆਰਥੀ ਸਾਰੇ ਪੱਖਾਂ ਤੋਂ ਜਿਵੇਂ ਮੌਸਮ ਵਿੱਚ ਤਬਦੀਲੀ, ਤਾਪਮਾਨ ਤੇ ਵਰਖਾ ਦਾ ਵਧਣਾ ਜਾਂ ਘਟਣਾ ਆਦਿ ਵੇਖਦੇ ਹਨ। ਇਸ ਵਿਚ ਇਕ ਖਾਮੀ ਹੈ ਕਿ ਰਾਸ਼ਟਰੀ ਤੇ ਰਾਜ ਪੱਧਰੀ ਮਾਪਦੰਡਾਂ ਮੁਤਾਬਕ ਪਾਠਕ੍ਰਮ ਨੂੰ ਨਿਰਧਾਰਤ ਸਮੇਂ ਤੇ ਨਿਰਧਾਰਤ ਜਮਾਤ ਵਿੱਚ ਪੂਰਾ ਕਰਾਉਣਾ ਔਖਾ ਹੈ।

ਇਸ ਤੋਂ ਇਲਾਵਾ ਹੋਰ ਪਹੁੰਚਾਂ ਹਨ : ਸੇਵਾ ਸਿੱਖਣਾ (Service Learning), ਸਿੱਖਣ ਕੇਂਦਰ (Learning Centers) ਅਤੇ ਥੀਮ ਅਧਾਰਤ ਇਕਾਈਆਂ। ਇਹਨਾਂ ਸਾਰਿਆਂ ਵਿੱਚ ਇਕ ਵੱਡਾ ਵਿਸ਼ਾ ਲਿਆ ਜਾਂਦਾ ਹੈ ਅਤੇ ਫੇਰ ਇਸਨੂੰ ਹੋਰ ਵਿਸ਼ਿਆਂ ਵਿੱਚ ਵੰਡਿਆ ਜਾਂਦਾ ਹੈ।

**ਸੰਯੁਕਤ ਦੀਆਂ ਉਦਾਹਰਨਾਂ :**

**2.2.5.2 ਸੰਯੁਕਤ ਪਾਠਕ੍ਰਮ ਦੇ ਲਾਭ :**

ਸੰਯੁਕਤ ਪਾਠਕ੍ਰਮ ਦੇ ਬਹੁਤ ਸਾਰੇ ਲਾਭ ਹਨ ਜਿਵੇਂ :-

1. ਇਕ ਵਿਦਿਆਰਥੀ ਇਕ ਜਮਾਤ ਵਿੱਚ ਇਕੋ ਸਮੇਂ ਗਣਿਤ, ਵਿਗਿਆਨ ਅਤੇ ਪੜ੍ਹਨਾ, ਇਕੋ ਪਾਠ ਵਿਚ ਪੜ੍ਹ ਸਕਦਾ ਹੈ।
2. ਜਦੋਂ ਵਿਦਿਆਰਥੀਆਂ ਨੂੰ ਸੰਯੁਕਤ ਪਾਠਕ੍ਰਮ ਰਾਹੀਂ ਪੜ੍ਹਾਇਆ ਜਾਂਦਾ ਹੈ ਤਾਂ ਵਿਦਿਆਰਥੀ ਉਪ ਵਿਸ਼ੇ ਨੂੰ ਜਲਦੀ ਤੇ ਛੇਤੀ ਯਾਦ ਕਰ ਲੈਂਦੇ ਹਨ। ਇਸਦਾ ਕਾਰਨ ਇਹ ਹੈ ਕਿ ਉਹ ਵਿਸ਼ੇ ਦੇ ਜ਼ਿਆਦਾ ਨੇੜੇ ਸਨ ਅਤੇ ਇਸ ਪਹੁੰਚ ਰਾਹੀਂ ਉਹਨਾਂ ਨੇ ਅਸਲ ਸੰਸਾਰ ਨਾਲ ਆਪਣੇ ਆਪ ਨੂੰ ਜੋੜਕੇ ਵੇਖਿਆ।
3. ਵਿਦਿਆਰਥੀ ਸੰਯੁਕਤ ਜਮਾਤ ਦੇ ਕਮਰਿਆਂ ਵਿੱਚ ਵਾਸਤਵਿਕ ਸੰਸਾਰ ਨਾਲ ਆਪਣੇ ਆਪ ਨੂੰ ਜੋੜਦੇ ਹੀ ਨਹੀਂ ਜਾਂ ਬਣਾਉਂਦੇ ਹੀ ਨਹੀਂ ਹਨ, ਬਲਕਿ ਉਹ ਇਸ ਨਾਲ ਪੂਰੀ ਤਰ੍ਹਾਂ ਸੰਬੰਧਿਤ ਹੁੰਦੇ ਹਨ।
4. ਸੰਯੁਕਤ ਪਾਠਕ੍ਰਮ ਦਾ ਮਤਲਬ ਅਧਿਆਪਕ ਚੁਣੌਤੀਆਂ ਨੂੰ ਕਬੂਲ ਕਰਨ ਵਾਲੇ, ਹਾਸਾ ਠੱਠਾ ਕਰਨ ਵਾਲੇ ਤੇ ਅਰਥ ਭਰਪੂਰ ਕੰਮ ਕਰਨ ਵਾਲੇ ਹੁੰਦੇ ਹਨ ਤਾਂ ਕਿ ਵਿਦਿਆਰਥੀਆਂ ਨੂੰ ਸੂਚਨਾਵਾਂ ਨਾਲ ਜੋੜਿਆ ਜਾ ਸਕੇ।
5. ਸੂਰਜੀ ਊਰਜਾ ਯੂਨਿਟ ਨੂੰ ਬਣਾਉਣ ਲਈ ਮੌਖਿਕ ਭਾਸ਼ਾ ਦੇ ਵਿਕਾਸ ਤੇ ਅਭਿਆਸ ਪੜ੍ਹਨ ਦੀ ਕੁਸ਼ਲਤਾ ਤੇ ਗਣਿਤ ਦੀ ਵੀ ਲੋੜ ਪੈਂਦੀ ਹੈ, ਇਸ ਨਾਲ ਵਿਦਿਆਰਥੀ ਸੂਰਜੀ ਊਰਜਾ ਤੋਂ ਇਲਾਵਾ ਹੋਰ ਬਹੁਤ ਕੁਝ ਸਿੱਖ ਲੈਂਦੇ ਹਨ।

### 2.2.6 ਸਾਰਾਂਸ਼

ਸਿੱਟੇ ਵਜੋ ਸਪਿਰਲ ਪਾਠਕ੍ਰਮ, ਇਕਾਈਕਰਨ ਅਤੇ ਏਕੀਕ੍ਰਿਤ ਪਾਠਕ੍ਰਮ ਨੂੰ ਅਪਣਾਉਣਾ ਸਿਖਿਆ ਵਿਚ ਇਕ ਗਤੀਸ਼ੀਲ ਤਬਦੀਲੀ ਨੂੰ ਦਰਸਾਉਦਾ ਹੈ। ਇਹ ਪਹੁੰਚ, ਸੰਕਲਪਾਂ ਤੇ ਮੁੜ ਵਿਚਾਰ ਕਰਨ, ਫੋਕਸਡ ਸਿੱਖਣ ਯੂਨਿਟਾਂ ਅਤੇ ਅੰਤਰ ਅਨੁਸ਼ਸਨੀ ਕਨੈਕਸ਼ਨਾ ਤੇ ਜ਼ੋਰ ਦੇਣ ਦੇ ਨਾਲ, ਵਧੇਰੇ ਸੰਪੂਰਨ ਅਤੇ ਪ੍ਰਭਾਵਸ਼ਾਲੀ ਵਿਦਿਅਕ ਅਨੁਭਵ ਵਿਚ ਯੋਗਦਾਨ ਪਾਉਦੇ ਹਨ। ਡੂੰਘੀ ਸਮਝ, ਨਿਸ਼ਾਨਾ ਅਧਿਐਨ ਅਤੇ ਆਪਸ ਵਿਚ ਜੁੜੇ ਗਿਆਨ ਨੂੰ ਉਤਸ਼ਾਹਿਤ ਕਰਕੇ ਇਹ ਵਿਧੀਆਂ ਇਕ ਵਧੇਰੇ ਵਿਆਪਕ ਅਤੇ ਦਿਲਚਪਸ ਸਿੱਖਣ ਯਾਤਰਾ ਲਈ ਰਾਹ ਪੱਧਰਾਂ ਕਰਦੀਆਂ ਹਨ।

### 2.2.7 ਮੁੱਖ ਸੰਕਲਪ

1. ਸਪਿਰਲ ਪਾਠਕ੍ਰਮ: ਸਪਿਰਲ ਪਾਠਕ੍ਰਮ ਇਕ ਸਿੱਖਿਆਤਮਕ ਪਹੁੰਚ ਹੈ ਜਿਸ ਵਿਚ ਅਧਿਐਨ ਦੇ ਇਕ ਕੋਰਸ ਦੌਰਾਨ ਕਈ ਵਾਰ ਮੁੱਖ ਸੰਕਲਪਾਂ ਤੇ ਮੁੜ ਵਿਚਾਰ ਕਰਨਾ ਸ਼ਾਮਿਲ ਹੁੰਦਾ ਹੈ ਹਰੇਕ ਪੂਨਰ ਵਿਚਾਰ ਨਾਲ ਵਧੇਰੇ ਗੁੰਝਲਤਾ ਅਤੇ ਡੂੰਘਾਈ ਸ਼ਾਮਲ ਹੁੰਦੀ ਹੈ।
2. ਸਿਲੇਬਸ ਦਾ ਇਕਾਈਕਰਣ: ਸਿਲੇਬਸ ਦਾ ਇਕਾਈਕਰਣ ਇਕ ਪਾਠਕ੍ਰਮ ਜਾ ਸਿਲੇਬਸ ਨੂੰ ਵੱਖਰੇ ਅਤੇ ਪ੍ਰਬੰਧਨਯੋਗ ਇਕਾਈਆਂ ਜਾਂ ਮਾਡਿਊਲਾਂ ਵਿਚ ਵੰਡਣ ਦੇ ਅਭਿਆਸ ਨੂੰ ਦਰਸਾਉਦੀ ਹੈ।

### 2.2.8 ਸਵੈ ਮੁਲਾਂਕਣ ਅਭਿਆਸ

1) ............ਪਾਠਕ੍ਰਮ ਵਿਚ ਜਟਿਲਤਾ ਦੇ ਵਧਦੇ ਪੱਧਰਾਂ ਤੇ ਮੁੱਖ ਸੰਕਲਪਾਂ ਤੇ ਮੁੜ ਵਿਚਾਰ ਕਰਨਾ, ਸਮੇ ਦੇ ਨਾਲ ਡੂੰਘੀ ਸਮਝ ਨੂੰ ਉਤਸ਼ਾਹਿਤ ਕਰਨਾ ਸ਼ਾਮਲ ਹੈ।
2) ਸਿਲੇਬਸ ਦੀ..........ਪਾਠਕ੍ਰਮ ਨੂੰ ਪ੍ਰਬੰਧਨਯੋਗ ਇਕਾਈਆਂ ਵਿਚ ਵੰਡਦੀ ਹੈ ਅਤੇ ਕੇਂਦਰਿਤ ਸਿਖਣ ਵਿਚ ਸਹਾਇਤਾ ਕਰਦੀ ਹੈ।

3) ਸਿਲੇਬਸ ਦੀ ਇਕਾਈਬੱਧਤਾ ਵਿਦਿਅਕ ਸਮੱਗਰੀ ਨੂੰ ਕੇਂਦ੍ਰਿਤ ਅਤੇ ਯੋਜਨਾਬੱਧ....ਕਰਨ ਦੀ ਸਹੂਲਤ ਕਰਦੀ ਹੈ।
4) ਏਕੀਕ੍ਰਿਤ ਪਾਠਕ੍ਰਮ ਵੱਖ ਵੱਖ ਵਿਸ਼ਿਆ ਦੇ ਖੇਤਰਾਂ ਵਿਚਕਾਰ........ਸੰਬੰਧਾਂ ਨੂੰ ਉਤਸ਼ਾਹਿਤ ਕਰਦਾ ਹੈ।
5) ਘਮਾਉਦਾਰ ਪਾਠਕ੍ਰਮ........... ਦੇ ਵਾਧੂ ਪੱਧਰਾਂ ਦੇ ਨਾਲ ਸੰਕਲਪਾਂ ਤੇ ਮੁੜ ਵਿਚਾਰ ਕਰਕੇ ਸਮਝ ਦੇ ਪ੍ਰਗਤੀਸ਼ੀਲ ਡੂੰਘਾਈ ਨੂੰ ਯਕੀਨੀ ਬਣਾਉਦਾ ਹੈ।

ਉਤਰ: 1. ਘਮਾਉਦਾਰ 2. ਇਕਾਈਬੱਧਤਾ 3. ਸੰਗਠਨ
4.ਅੰਤਰ-ਅਨੁਸ਼ਾਸਨੀ 5. ਜਟਿਲਤਾ

**2.2.9 ਸੁਝਾਏ ਪ੍ਰਸ਼ਨ**

ਪ੍ਰਸ਼ਨ 1: ਘਮਾਉਦਾਰ ਪਾਠਕ੍ਰਮ ਦੇ ਅਰਥ, ਵਿਸ਼ੇਸਤਾਵਾਂ, ਗੁਣ ਅਤੇ ਔਗੁਣ ਬਾਰੇ ਚਰਚਾ ਕਰੋ।

ਪ੍ਰਸ਼ਨ 2: ਇਕਾਈਬੱਧ ਪਾਠਕ੍ਰਮ ਤੋਂ ਕੀ ਭਾਵ ਹੈ?ਇਸਦੇ ਲਾਭ ਅਤੇ ਵਿਸ਼ੇਸਤਾਵਾਂ ਤੇ ਚਾਨਣਾ ਪਾਉ।

ਪ੍ਰਸ਼ਨ 3: ਸੰਯੁਕਤ ਪਾਠਕ੍ਰਮ ਦੀ ਪਰਿਭਾਸ਼ਾ ਦਿਉ। ਸੰਯੁਕਤ ਪਾਠਕ੍ਰਮ ਦੀਆਂ ਵੱਖ ਵੱਖ ਪਹੁੰਚਾਂ ਬਾਰੇ ਚਰਚਾ ਕਰੋ।

**2.2.10 ਸੁਝਾਈ ਪੁਸਤਕ ਸੂਚੀ:**

1) Aurora, G.L. 1995. Child Centred Education - For Learning Without Burden. Gurgaon: Krishan Publishing Co.
2) National Council of Educational Research and Training 1988. National Curriculum for Elementary and Secondary Education: A Framework. New Delhi: NCERT
3) National Council of Educational Research and Training 2000. National Curriculum for School Education. New Delhi: NCERT
4) Saxena, K.P.C. (ed.) 1994, Human Rights-Perspective and challenges. New Delhi: Lancer Books.
5) Subramaniam, S. 1999. Human Rights : International Challenges, National Curriculum.
6) Goyal, Shalu (2016), Knowledge & Curriculum, 21st Century Publications.

ਪਾਠ ਨੰ : 2.3

ਅਨੁਵਾਦਕਰਤਾ : ਹਰਦੀਪ ਕੌਰ
Converted into SLM by: Dr. Amita

Last updated on January, 2026

# ਭਵਿਖਵਾਦੀ ਪਾਠਕ੍ਰਮ ਦੀ ਲੋੜ, ਕਾਰਜ ਕੁਸ਼ਲਤਾ ਵਿਕਾਸ ਦਾ ਪਾਠਕ੍ਰਮ, ਵਿਵਸਾਇਕ ਪੱਖਪਾਤ

2.3.1 ਉਦੇਸ਼
2.3.2 ਭੂਮਿਕਾ
2.3.3 ਭਵਿਖਵਾਦੀ ਪਾਠਕ੍ਰਮ ਦੀ ਲੋੜ
2.3.4 ਕਾਰਜ਼ ਕੁਸ਼ਲਤਾ ਵਿਕਾਸ ਦਾ ਪਾਠਕ੍ਰਮ
2.3.4.1 ਕਾਰਜ਼ ਕੁਸ਼ਲਤਾ ਵਿਕਾਸ ਪ੍ਰੋਗਰਾਮ
2.3.4.2 ਕਾਰਜ਼ ਕੁਸ਼ਲਤਾ ਪ੍ਰੋਗਰਾਮਾਂ ਦੀ ਲੋੜ ਤੇ ਮਹੱਤਤਾ
2.3.4.3 ਭਾਰਤ ਵਿਚ ਕੁਸ਼ਲਤਾ ਪ੍ਰੋਗਰਾਮ ਦਾ ਖੇਤਰ
2.3.5 ਰਾਸ਼ਟਰੀ ਕਾਰਜ਼ ਕੁਸ਼ਲਤਾ ਵਿਕਾਸ ਕਾਰਪੋਰੇਸ਼ਨ
2.3.5.1 ਭਾਈਵਾਲੀ
2.3.5.2 ਪ੍ਰਾਪਤੀਆਂ
2.3.6 ਕਿੱਤਾ-ਮੁੱਖੀ ਸਿੱਖਿਆ
2.3.6.1 ਕਿੱਤਾ-ਮੁੱਖੀ ਸਿੱਖਿਆ ਦਾ ਅਰਥ
2.3.7 ਵਿਵਸਾਇਕ ਪੱਖਪਾਤ
2.3.7.1 ਵਿਵਸਾਇਕ ਪੱਖਪਾਤ ਦੇ ਕਾਰਣ
2.3.8 ਸਾਰਾਂਸ਼
2.3.9 ਮੁੱਖ ਸੰਕਲਪ
2.3.10 ਸਵੈ ਮੁਲਾਂਕਣ ਅਭਿਆਸ
2.3.11 ਸੁਝਾਏ ਪ੍ਰਸ਼ਨ
2.3.12 ਪ੍ਰਸਤਾਵਿਤ ਪੁਸਤਕਾਂ

## 2.3.1 ਉਦੇਸ

ਇਸ ਪਾਠ ਨੂੰ ਪੜ੍ਹਨ ਉਪਰੰਤ ਵਿਦਿਆਰਥੀ-

1. ਭਵਿਖਬਾਣੀ ਪਾਠਕ੍ਰਮ ਦੇ ਸੰਕਲਪ ਅਤੇ ਲੋੜ ਬਾਰੇ ਚਰਚਾ ਕਰ ਸਕਣਗੇ।
2. ਕਾਰਜ ਕੁਸਲਤਾ ਦੇ ਸੰਕਲਪ ਤੋਂ ਜਾਣੂ ਹੋਣਗੇ।
3. ਭਾਰਤ ਵਿਚ ਕਾਰਜ ਕੁਸ਼ਲਤਾ ਦੇ ਪ੍ਰੋਗਰਾਮ ਦੇ ਖੇਤਰ, ਵਿਕਾਸ ਅਤੇ ਪ੍ਰਾਪਤੀਆਂ ਦੀ ਵਿਆਖਿਆ ਕਰ ਸਕਣਗੇ।
4. ਕਿੱਤਾ-ਮੁੱਖੀ ਸਿੱਖਿਆਂ ਬਾਰੇ ਚਰਚਾ ਕਰ ਸਕਣਗੇ।

5. ਵਿਵਸਾਇਕ ਪੱਖਪਾਤ ਦੇ ਕਾਰਣ ਦੱਸ ਸਕਣਗੇ।

**2.3.2 ਭੂਮਿਕਾ**

ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਪਾਠਕ੍ਰਮ ਉਨ੍ਹਾਂ ਸਾਰੇ ਅਨੁਭਾਵਾਂ ਦਾ ਸੰਗਠਨ ਹੈ ਜਿਹੜਾ ਕਿ ਬੱਚਾ ਜਮਾਤ ਵਿਚ, ਪੁਸਤਕਾਲੇ ਵਿਚ, ਪ੍ਰਯੋਗਸ਼ਾਲਾ, ਸਵੇਰ ਦੀ ਸਭਾ, ਖੇਡ ਦੇ ਮੈਦਾਨ ਆਦਿ ਤੋ ਹਾਸਿਲ ਕਰਦਾ ਹੈ।

ਤਕਨੀਕੀ ਵਿਕਾਸ ਨੇ ਸਮਾਜ ਦੇ ਵਿਕਾਸ ਦੀ ਗਤੀ ਤੇਜ਼ ਕਰ ਦਿਤੀ ਹੈ ਜਿਸ ਦਾ ਸਿੱਖਿਆ ਪ੍ਰਣਾਲੀ ਤੇ ਵੀ ਬਹੁਤ ਪ੍ਰਭਾਵ ਪਿਆ ਹੈ। ਅੱਜ ਦੇ ਸਮੇਂ ਵਿਚ ਜਮਾਤ ਵਿਚ ਸਿੱਖਣਾ ਹੀ ਬੱਚੇ ਲਈ ਕਾਫੀ ਨਹੀਂ ਹੈ। ਅੱਜ ਦੀ ਸਿੱਖਿਆਂ ਪ੍ਰਣਾਲੀ ਵਿਚ ਕਿੱਤਾ ਅਤੇ ਕੋਸ਼ਲ ਪੂਰਣ ਸਿੱਖਿਆਂ ਦੀ ਬਹੁਤ ਲੋੜ ਹੈ ਜਿਸ ਰਾਹੀਂ ਬੱਚਾ ਆਪਣੇ ਆਪ ਨੂੰ ਸਮਾਜ ਲਈ ਤਿਆਰ ਕਰਦਾ ਹੈ ਅਤੇ ਸਿਖਲਾਈ ਦੀ ਸਹਾਇਤਾ ਨਾਲ ਆਪਣੇ ਆਪ ਨੂੰ ਕਿਸੇ ਵੀ ਕਿੱਤੇ ਦੇ ਯੋਗ ਬਣਾਉਂਦਾ ਹੈ। ਇਸ ਪਾਠ ਵਿਚ ਅਸੀਂ ਬੱਚਿਆਂ ਲਈ ਭਵਿੱਖਵਾਦੀ ਪਾਠਕ੍ਰਮ ਦੀ ਲੋੜ, ਕਾਰਜ਼ ਕੁਸ਼ਲਤਾ ਅਤੇ ਕਿੱਤਾ ਮੁੱਖੀ ਸਿੱਖਿਆ ਦੇ ਸੰਕਲਪਾਂ ਬਾਰੇ ਜਾਣਕਾਰੀ ਹਾਸਿਲ ਕਰਾਂਗੇ।

**2.3.3 ਭਵਿੱਖਵਾਦੀ ਪਾਠਕ੍ਰਮ ਦੀ ਲੋੜ :**

ਭਵਿੱਖਵਾਦੀ ਸਦੀ ਪਾਠਕ੍ਰਮ ਭਰਨ, ਅਕਾਰ ਸਹਿਤ ਤੇ ਅਕਾਰ ਰਹਿਤ ਹੋਣਾ ਚਾਹੀਦਾ ਹੈ ਤਾਂ ਜੋ ਵਿਦਿਆਰਥੀ ਆਪ ਹੀ ਇਸਨੂੰ ਸੇਧ ਦੇ ਸਕਣ। ਅਧਿਆਪਕ ਵਿਦਿਆਰਥੀਆਂ ਦੀਆਂ ਰੁਚੀਆਂ ਮੁਤਾਬਕ ਇਸਨੂੰ ਉਤਸ਼ਾਹ ਭਰਪੂਰ ਬਣਾਉਂਦਾ ਹੈ। ਇਹ ਵਿਦਿਆਰਥੀਆਂ ਨੂੰ ਸੰਬੰਧ ਬਣਾਉਣ, ਨੈਟਵਰਕ ਬਣਾਉਣ ਅਤੇ ਕੰਮ ਕਰਨ ਲਈ ਮੌਕੇ ਪ੍ਰਦਾਨ ਕਰਦਾ ਹੈ। ਵਿਦਿਆਰਥੀਆਂ ਨੂੰ ਸੂਚਨਾਵਾਂ ਦਾ ਸੰਸ਼ਲੇਸ਼ਣ ਕਰਨ ਤੇ ਸਵੈ-ਭਰੋਸਾ ਪ੍ਰਦਰਸ਼ਤ ਕਰਨ ਲਈ ਕਿਹਾ ਜਾਂਦਾ ਹੈ। ਵੱਖ-ਵੱਖ ਪਿਛੋਕੜ ਵਾਲੇ ਲੋਕਾਂ ਲਈ ਅਧਿਆਪਕ ਨੂੰ ਸਮਾਨ ਅਨੁਭੂਤੀ (Empathy) ਢੰਗ ਨਾਲ ਆਪਣੇ ਵਿਦਿਆਰਥੀਆਂ ਨੂੰ ਪੜ੍ਹਾਉਣਾ ਚਾਹੀਦਾ ਹੈ ਕਿਉਂਕਿ ਭਵਿੱਖ ਵਿੱਚ ਉਹਨਾਂ ਨੂੰ ਤਰ੍ਹਾਂ-ਤਰ੍ਹਾਂ ਦੇ ਲੋਕਾਂ ਨਾਲ ਮੇਲ ਜੋਲ ਕਰਨਾ ਪੈਣਾ ਹੈ।

1. ਆਹਮੋ-ਸਾਹਮਣੇ ਬੈਠਕੇ ਸਿੱਖਣ ਦੀ ਲੋੜ ਹੈ। ਇਹਨਾਂ ਭਾਈਚਾਰਿਆਂ ਨੂੰ ਲੱਭਣ ਦੀ ਲੋੜ ਹੈ ਜੋ ਦੂਜਿਆਂ ਲੋਕਾਂ ਦੁਆਰਾ ਬਣਾਏ ਗਏ ਹਨ ਅਤੇ ਜਿਨ੍ਹਾਂ ਨਾਲ ਅਸੀਂ ਰਲਕੇ ਕੰਮ ਕਰਨਾ ਹੈ। ਇਹ ਵੱਖਰੇ ਭਾਈਚਾਰੇ ਸਾਂਝਾ ਤੇ ਵਖਰੇਵਿਆਂ ਦੋਹਾਂ ਸੰਬੰਧੀ ਸਾਡੀ ਸਮਝ ਵਧਾਉਂਦੇ ਹਨ। ਇਹਨਾਂ ਥਾਵਾਂ ਤੇ ਅਸੀਂ ਆਪਣੇ ਵਿਚਾਰਾਂ ਨੂੰ ਟੈਸਟ ਕਰ ਸਕਦੇ ਹਾਂ ਅਤੇ ਚੁਣੌਤਿਆਂ ਲੈਂਦੇ ਹਾਂ ਅਤੇ ਦੂਜਿਆਂ ਨੂੰ ਚੁਣੌਤਿਆਂ ਦਿੰਦੇ ਹਾਂ।

3. **ਨਿੱਜੀ ਸਿੱਖਣ ਨੈਟਵਰਕ ਬਣਾਉਣ ਦੀ ਲੋੜ(Need to build a personal learning network):**

PLN ਸਰੋਤ ਹੈ ਜਿਸ ਰਾਹੀਂ ਅਸੀਂ ਆਪਣੇ ਆਪ ਸਿੱਖ ਸਕਦੇ ਹਾਂ। ਨੈਟਵਰਕ ਸੰਦਾਂ ਤੇ ਮੋਬਾਇਲ ਤਕਨੀਕਾਂ ਰਾਹੀਂ ਅਸੀਂ ਸਿਰਫ ਮਨੁੱਖਾਂ ਬਾਰੇ ਹੀ ਨਹੀਂ ਬਲਕਿ ਹੋਰ ਵਸਤੂਆਂ ਤੇ ਸ੍ਰੋਤਾਂ ਬਾਰੇ ਅਸਲ ਜਾਣਕਾਰੀ ਲੈ ਸਕਦੇ ਹਾਂ।

4. **ਕਲਪਨਾ ਦ੍ਰਿਸ਼ਟੀ ਤੇ ਗਤੀਸ਼ੀਲ :**

ਅਧਿਆਪਕਾਂ ਨੂੰ ਕਲਪਨਾ ਦ੍ਰਿਸ਼ਟੀ ਦੀ ਵੀ ਲੋੜ ਹੈ। ਅਸੀਂ ਭਵਿੱਖ ਵੱਲ ਹੌਲੀ-ਹੌਲੀ ਅੱਗੇ ਨਹੀਂ ਵੱਧਦੇ, ਅਸੀਂ ਤੇਜ਼ੀ ਨਾਲ ਬਦਲ ਦੇ ਹਾਲਤਾਂ ਅਨੁਸਾਰ ਅੱਗੇ ਵੱਧਦੇ ਹਾਂ। ਸਿੱਖਿਅਕ ਵਜੋਂ ਸਾਨੂੰ ਹਮੇਸ਼ਾ ਆਪਣੇ ਆਪ ਨੂੰ ਪ੍ਰਸ਼ਨ ਕਰਨਾ ਚਾਹੀਦਾ ਹੈ ਕਿ ਵਿਦਿਆਰਥੀਆਂ ਨੂੰ ਭਵਿੱਖ ਦੇ ਸੰਸਾਰ ਲਈ ਕੀ ਸਿੱਖਣ ਦੀ ਲੋੜ ਹੈ? ਭਵਿੱਖ ਦੇ ਸੰਸਾਰ ਬਾਰੇ ਕਲਪਨਾ ਕਰਨੀ ਪਵੇਗੀ।

5. ਸਿੱਖਣ ਸਹਾਇਕ ਵਾਤਾਵਰਨ-ਭਵਿੱਖਵਾਦੀ ਸਕੂਲ ਵਿਦਿਆਰਥੀ ਕੇਂਦਰਤ ਹੁੰਦੇ ਹਨ, ਸੁਹਜਾਤਮਕ ਢੰਗ ਨਾਲ ਡਿਜ਼ਾਇਨ ਕੀਤੇ ਜਾਂਦੇ ਹਨ, ਹਾਲਤ ਦੇ ਮੁਤਾਬਕ ਸਿੱਖਣ ਨੂੰ ਉਤਸ਼ਾਹਿਤ ਕਰਦੇ ਹਨ, ਮਿਲਵਰਤਨ ਨੂੰ ਵਧਾਉਂਦੇ ਹਨ ਅਤੇ ਸਾਰਿਆਂ ਨੂੰ ਨਿੱਜੀ ਤੇ ਉਤਸਾਹ ਭਰਪੂਰ ਵਾਤਾਵਰਨ ਦਿੰਦੇ ਹਨ। ਸਕੂਲ ਦੁਆਰਾ ਅਧਿਆਪਨ ਨੂੰ ਤਕਨੀਕਾਂ ਦੇ ਨਾਲ ਡਿਜ਼ਾਇਨ ਕੀਤਾ ਜਾਂਦਾ ਹੈ। ਕਮਰਿਆਂ ਨੂੰ ਤਕਨੀਕਾਂ ਦੇ ਨਾਲ ਡਿਜ਼ਾਇਨ ਕੀਤਾ ਜਾਂਦਾ ਹੈ। ਕਮਰਿਆਂ ਨੂੰ ਤਾਰਾ ਰਹਿਤ ਸਾਜ਼ੋ-ਸਮਾਨ ਨਾਲ ਪ੍ਰਭਾਵਸ਼ਾਲੀ ਤਕਨੀਕਾਂ ਨਾਲ ਮੋਬਾਇਲ, ਇੰਟਰਨੈਟ ਤੇ ਉਚੇਰੀ ਗੁਣਵਤਾ ਵਾਲੇ ਸਮਾਨ ਨਾਲ ਡਿਜ਼ਾਇਨ ਕੀਤਾ ਜਾਂਦਾ ਹੈ।

**2.3.4 ਕਾਰਜ-ਕੁਸ਼ਲਤਾ ਵਿਕਾਸ ਦਾ ਪਾਠਕ੍ਰਮ :**

ਕਿਸੇ ਦੇਸ਼ ਦਾ ਆਰਥਿਕ ਵਾਧਾ ਤੇ ਸਮਾਜਿਕ ਵਿਕਾਸ ਉਸਦੀ ਕਾਰਜ-ਕੁਸ਼ਲਤਾ ਤੇ ਗਿਆਨ ਉਤੇ ਨਿਰਭਰ ਕਰਦਾ ਹੈ। ਉਚੇਰੀ ਤੇ ਵਧੀਆ ਕਾਰਜ-ਕੁਸ਼ਲਤਾ ਵਾਲੇ ਦੇਸ਼ ਸੰਸਾਰ ਦੇ ਕੰਮਾਂ ਦੀਆਂ ਚੁਣੌਤੀਆਂ ਨਾਲ ਜਲਦੀ ਸਮਾਯੋਜਨ ਕਰ ਲੈਂਦੇ ਹਨ। ਇਸ ਲਈ ਹੁਣ ਸਕੂਲ ਸਿੱਖਿਆ ਅਕਾਦਮਿਕ ਜ਼ਰੂਰਤਾਂ ਦੇ ਅਨੁਕੂਲ ਬਣ ਰਹੀ ਹੈ। ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਬੱਚਿਆਂ ਦੇ ਸਰਵ ਪੱਖੀ ਵਿਕਾਸ ਦੇ ਮੱਦੇਨਜ਼ਰ ਸਕੂਲਾਂ ਵਿਚ ਕੁਸ਼ਲਤਾ ਦੇ ਵਿਕਾਸ ਪ੍ਰੋਗਰਾਮ ਨੂੰ ਦੁਬਾਰਾ ਚਲਾਇਆ ਜਾਵੇ।

ਬੱਚਿਆਂ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣ ਲਈ ਕੁਸ਼ਲਤਾਵਾਂ ਦੀ ਬਹੁਤ ਸਾਰੀ ਸਿਖਲਾਈ ਦੇਣੀ ਚਾਹੀਦੀ ਹੈ। ਇਸ ਵਿੱਚ ਸਰੀਰਕ ਸਿਖਲਾਈ, ਹਸਤ ਕਾਰਜ, ਪੇਂਟਿੰਗ ਸਾਬਣ ਤੇ ਮੋਮਬੱਤੀਆਂ ਬਣਾਉਣਾ, ਖਾਣਾ ਪਕਾਉਣਾ ਤੇ ਹੋਰ ਕੁਝ ਵੀ ਸ਼ਾਮਿਲ ਹੈ। ਕਾਫੀ ਸਮੇਂ ਤੋਂ ਸਾਡੇ ਸਕੂਲਾਂ ਵਿੱਚ ਕੁਸ਼ਲਤਾਵਾਂ ਦੇ ਵਿਕਾਸ ਦਾ ਪ੍ਰੋਗਰਾਮ ਖਤਮ ਹੋ ਗਿਆ ਹੈ। ਸਕੂਲਾਂ ਵਿੱਚ ਇਸ ਪ੍ਰੋਗਰਾਮ ਨੂੰ ਦੁਬਾਰਾ ਲਿਆਉਣ ਲਈ ਵਿਦਿਆਰਥੀਆਂ ਲਈ ਮਜ਼ਬੂਤ ਆਧਾਰ ਬਣਾਇਆ ਜਾ ਸਕਦਾ ਹੈ, ਜਿਸਨੂੰ ਉਹ ਬਾਅਦ ਵਿਚ ਆਪਣੇ ਵਪਾਰ ਦੇ ਕੰਮਾਂ ਵਿਚ ਅਤੇ ਆਪਣੀ ਰੋਜ਼ਾਨਾ ਜ਼ਿੰਦਗੀ ਵਿਚ ਵਰਤ ਸਕਦੇ ਹਨ।

**2.3.4.1 ਕਾਰਜ ਕੁਸ਼ਲਤਾ ਵਿਕਾਸ ਪ੍ਰੋਗਰਾਮ :**

ਕਾਰਜ-ਕੁਸ਼ਲਤਾ ਵਿਕਾਸ ਪ੍ਰੋਗਰਾਮਾਂ ਨੂੰ ਸ਼ਖਸੀਅਤ ਦੇ ਵਿਕਾਸ ਲਈ ਕਰਾਇਆ ਜਾਂਦਾ ਹੈ, ਖੇਤੀਬਾੜੀ ਮੰਤਰਾਲੇ ਵਲੋਂ ਕਿਸਾਨਾਂ ਲਈ 40 ਘੰਟਿਆਂ ਦਾ ਪ੍ਰੋਗਰਾਮ "Outreach and awareness programmes" ਚਲਾਇਆ ਗਿਆ। NSDC ਤੇ NSDA (National Skill Development Agency) ਵਲੋਂ 3-6 ਮਹੀਨਿਆਂ ਦਾ ਕੋਰਸ, ਇਸੇ ਤਰ੍ਹਾਂ ITIs (Industrial Training Institutes) ਵਲੋਂ 2 ਸਾਲਾ ਪ੍ਰੋਗਰਾਮ ਚਲਾਏ ਜਾਂਦੇ ਹਨ।

**2.3.4.2 ਕਾਰਜ ਕੁਸ਼ਲਤਾ ਪ੍ਰੋਗਰਾਮਾਂ ਦੀ ਲੋੜ ਤੇ ਮਹੱਤਤਾ :**

1. ਕੁਸ਼ਲਤਾਵਾਂ ਦਾ ਵਿਕਾਸ ਭਾਰਤ ਦੇ ਆਰਥਿਕ ਵਿਕਾਸ ਲਈ ਜ਼ਰੂਰੀ ਤੱਤ ਹੈ ਕਿਉਂਕਿ ਅੰਤਰਰਾਸ਼ਟਰੀ ਪੱਧਰ ਉਤੇ ਆਰਥਿਕਤਾ ਦੇ ਮੁਕਾਬਲੇ ਲਈ ਦੇਸ਼ ਨੂੰ ਤਬਦੀਲੀਆਂ ਦੀ ਲੋੜ ਹੈ। ਭਾਰਤ ਦੇ ਵਾਧੇ ਤੇ ਵਿਕਾਸ ਲਈ ਕੁਸ਼ਲਤਾਵਾਂ ਦਾ ਵਿਕਾਸ ਜ਼ਰੂਰੀ ਤੱਤ ਹੈ।
2. ਸਭ ਤੋਂ ਪਹਿਲਾਂ ਸਾਨੂੰ ਸਿਖਿਆ, ਰੁਜ਼ਗਾਰ ਤੇ ਕੁਸ਼ਲਤਾਵਾਂ ਦੇ ਸੰਬੰਧਾਂ ਨੂੰ ਮੁੜ ਪਰਿਭਾਸ਼ਤ ਕਰਨ ਦੀ ਲੋੜ ਹੈ। ਦੂਜਾ, ਪਰੰਪਰਾਗਤ ਸਿਖਿਅਕ ਢਾਂਚੇ ਰਾਹੀਂ ਵੱਡੀ ਅਬਾਦੀ ਵਾਲੇ ਭਾਰਤ ਦੇਸ਼ ਵਿਚ ਨੌਜਵਾਨਾਂ ਨੂੰ ਕੁਸ਼ਲਤਾਵਾਂ ਦੀ ਸਿਖਲਾਈ ਨਹੀਂ ਦਿੱਤੀ ਜਾ ਸਕਦੀ।
3. ਇਸ ਗੱਲ ਦੀ ਲੋੜ ਹੈ ਕਿ ਅਧਿਆਪਕਾਂ ਨੂੰ ਤਕਨੀਕੀ ਜੁਗਤਾਂ ਨਾਲ ਜਾਣ-ਪਛਾਣ ਕਰਾਕੇ ਪੜ੍ਹਾਇਆ ਜਾਵੇ ਅਤੇ ਇਹ ਸਿਖਾਇਆ ਜਾਵੇ ਕਿ ਉਹਨਾਂ ਨੇ ਪੜ੍ਹਾਉਣ ਵੇਲੇ ਇਹਨਾਂ ਦੀ ਵਰਤੋਂ ਕਿਵੇਂ ਕਰਨੀ ਹੈ। ਵਿਦਿਆਰਥੀਆਂ ਦੇ ਜੀਵਨ ਵਿਚ ਸਕੂਲੀ ਸਿੱਖਿਆ ਬਹੁਤ ਮਹੱਤਵ ਰੱਖਦੀ ਹੈ ਅਤੇ ਕੁਸ਼ਲਤਾਵਾਂ ਦੀ ਸਿਖਲਾਈ ਪਾਠਕ੍ਰਮ ਦਾ ਹਿੱਸਾ ਹੋਣੀ ਚਾਹੀਦੀ ਹੈ। ਇਹ ਬਹੁਤ ਮੰਦਭਾਗੀ ਗੱਲ ਹੈ ਕਿ ਸਕੂਲ ਤੇ ਕਾਲਜ ਦੀ

ਸਿੱਖਿਆ ਲੈਣ ਤੋਂ ਬਾਦ ਵੀ ਵਿਦਿਆਰਥੀ ਕੁਸ਼ਲ ਨਹੀਂ ਹੁੰਦੇ। ਭਾਰਤ ਵਿਚ ਬਦਲਾਅ ਦੀ ਲੋੜ ਹੈ ਕਿਉਂ ਜੋ 2020 ਈ. ਤਕ ਭਾਰਤ ਦੀ ਦੋ ਤਿਹਾਈ ਜਨਸੰਖਿਆ ਕੰਮ ਕਰਨ ਵਾਲਿਆਂ ਦੀ ਹੋਵੇਗੀ।

4. The Hindu at the Indian School of Business (ISB) ਦੇ ਸਹਿਯੋਗ ਨਾਲ Talentsprint ਵਲੋਂ "Teach to Transform Summit" ਦਾ ਆਯੋਜਨ ਕੀਤਾ ਗਿਆ। ਇਸ ਵਿਚ Dr. Rangarajan ਨੇ ਕਿਹਾ ਕਿ ਅਧਿਆਪਕ ਤਬਦੀਲੀਆਂ ਨੂੰ ਕਿਵੇਂ ਸਵੀਕਾਰ ਕਰਦੇ ਹਨ। ਇਹ ਇੱਕ ਮਹੱਤਵਪੂਰਨ ਕਾਰਕ ਹੈ। ਇਸ ਪ੍ਰਸੰਗ ਵਿਚ Talent Sprint ਦੇ CEO ਤੇ MD ਨੇ ਕਿਹਾ ਕਿ ਅਧਿਆਪਕਾਂ ਦਾ ਸਤਿਕਾਰ ਕੀਤਾ ਜਾਂਦਾ ਹੈ ਤਾਂ ਅਧਿਆਪਕਾਂ ਨੂੰ ਵੀ ਵਿਦਿਆਰਥੀਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ। ਨਵੇਂ ਯੁੱਗ ਵਿੱਚ ਭਾਰਤ ਨੂੰ ਅਧਿਆਪਕ ਨੇਤਾਵਾਂ ਦੀ ਲੋੜ ਹੈ ਪਰੰਤੂ ਅਫਸੋਸ ਇਸ ਵੱਲ ਕੋਈ ਧਿਆਨ ਨਹੀਂ ਹੈ। Talent Sprint ਲੋੜੀਂਦੀਆਂ ਕੁਸ਼ਲਤਾਵਾਂ ਦੇ ਕੇ ਅਧਿਆਪਕਾਂ ਵਿਚੋਂ ਲੀਡਰ ਤਿਆਰ ਕਰਨ ਦੀ ਕੋਸ਼ਿਸ਼ ਕਰਦਾ ਹੈ। Indian School Leadership Institute ਦੇ CEO, Sameer Sampat ਨੇ ਕਿਹਾ ਕਿ ਭਾਰਤੀ ਸਕੂਲਾਂ ਵਿਚ ਅਗਵਾਈ ਦੀ ਸਿਖਲਾਈ ਦੀ ਘਾਟ ਹੈ। ਉਹਨਾਂ ਨੇ ਕਿਹਾ ਕਿ ਥੋੜੀਆਂ ਜਿਹੀਆਂ ਤਬਦੀਲੀਆਂ ਨਾਲ ਸਿੱਖਿਆ ਦਾ ਮਾਹੌਲ ਬਣਾਇਆ ਜਾ ਸਕਦਾ ਹੈ। ਜਿਸ ਉੱਤੇ ਹੁਣ ਤੱਕ ਧਿਆਨ ਨਹੀਂ ਦਿੱਤਾ ਗਿਆ।

5. ਮਲਟੀ-ਮੀਡੀਆ ਦੀ ਵਰਤੋਂ ਨਾਲ digital/video ਰਾਹੀਂ online/inline skill education ਦਿੱਤੀ ਜਾ ਸਕਦੀ ਹੈ। ਇਸ ਤਰ੍ਹਾਂ ਦੇ ਕਿੱਤਾ ਮੁੱਖੀ e Learning ਕੋਰਸ ਇਕੋ ਸਮੇਂ ਹਜ਼ਾਰਾਂ ਵਿਦਿਆਰਥੀਆਂ ਤਕ ਪਹੁੰਚ ਸਕਦੇ ਹਨ।

7. ਸਰਕਾਰ ਆਪਣੇ ਆਪ ਵਿਚ ਸਭ ਤੋਂ ਵੱਡੀ ਨੌਕਰੀਦਾਤਾ ਹੈ। ਕੁਸ਼ਲਤਾਵਾਂ ਦੇ ਵਿਕਾਸ ਦਾ ਮੁੱਢਲਾ ਧਿਆਨ ਪ੍ਰਾਈਵੇਟ ਸੈਕਟਰ ਤੇ ਉਦਯੋਗਾਂ ਦੇ ਰੁਜ਼ਗਾਰ ਵੱਲ ਜਾਂਦਾ ਹੈ। ਇਸ ਲਈ ਪ੍ਰਾਈਵੇਟ ਸੈਕਟਰ ਨੂੰ ਚੁਣੌਤੀਆਂ ਨਹੀਂ ਆਈਆਂ। The World Bank Enterprise Surveys 2014 ਨੇ ਇਹ ਦਾਅਵਾ ਕੀਤਾ ਹੈ ਕਿ ਭਾਰਤ ਵਿਚ ਸਿਖਲਾਈ ਪ੍ਰੋਗਰਾਮ ਦੇਣ ਵਾਲੀਆਂ ਫਰਮਾਂ ਦੀ ਪ੍ਰਤੀਸ਼ਤ 35.9 ਹੈ ਜਦਕਿ ਚੀਨ ਵਿਚ 79.2% ਹੈ।

7. ਵਿਦਿਆਰਥੀਆਂ ਤੇ ਅਧਿਆਪਕਾਂ ਵਿਚ ਸਿੱਧੀ ਅੰਤਰ-ਕਿਰਿਆ ਦੌਰਾਨ ਅਧਿਆਪਨ ਵਿਚ ਤਕਨਾਲੋਜੀ ਸੰਪੂਰਨ ਭੂਮਿਕਾ ਨਿਭਾਉਂਦੀ ਹੈ।

8. ਸਰਕਾਰ ਨੂੰ ਅਜਿਹੇ ਕਦਮ ਉਠਾਉਣੇ ਚਾਹੀਦੇ ਹਨ ਅਤੇ 'Skill India' ਸੁਪਨੇ ਲਈ ਕਰੜੇ ਫੈਸਲੇ ਲੈਣ ਦੀ ਲੋੜ ਹੈ।

**2.3.4.3 ਭਾਰਤ ਵਿਚ ਕੁਸ਼ਲਤਾ ਪ੍ਰੋਗਰਾਮ ਦਾ ਖੇਤਰ**

1. ਸਰਕਾਰ ਇਕੱਲੀ ਇਸ ਕੰਮ ਨੂੰ ਪੂਰਾ ਨਹੀਂ ਕਰ ਸਕਦੀ। ਸਰਕਾਰ ਪ੍ਰਾਈਵੇਟ ਅਦਾਰਿਆਂ ਤੇ NGOs ਨੂੰ ਇਕੱਠਾ ਕਰਕੇ ਸਮਝਦਾਰ ਢੰਗ ਨਾਲ ਕੋਸ਼ਿਸ਼ਾਂ ਕਰ ਸਕਦੀ ਹੈ। ਜੇਕਰ ਭਾਰਤ ਨੇ ਸੰਸਾਰ ਵਿਚ ਆਪਣੀ ਚੰਗੀ ਥਾਂ ਬਣਾਉਣੀ ਹੈ ਤਾਂ ਸਾਰਿਆਂ ਨੂੰ ਇਕੋ ਜਿਹੇ ਲਾਭ ਤੇ ਮੌਕੇ ਦੇਣੇ ਹੋਣਗੇ, ਗਰੀਬੀ ਤੇ ਹੋਰ ਦੱਬੂ ਮੁੱਦਿਆਂ ਤੋਂ ਉੱਪਰ ਉਠਣਾ ਪਏਗਾ ਅਤੇ ਦੇਸ਼ ਦੀਆਂ ਹੋਰ ਪਹਿਲਕਦਮੀਆਂ ਵਿਚੋਂ Skills development ਨੂੰ ਅਗੇਤੀ ਥਾਂ ਦੇਣੀ ਪਵੇਗੀ।

2. ਭਾਰਤੀ ਉਦਯੋਗ ਨੂੰ ਜਿਹੜੀਆਂ ਕੁਸ਼ਲਤਾਵਾਂ ਦੀ ਲੋੜ ਹੈ ਅਤੇ ਸਾਡੀ ਸਿੱਖਿਆ ਜੋ ਪੈਦਾ ਕਰਕੇ ਦੇ ਰਹੀ ਹੈ, ਉਸ ਵਿਚ ਬਹੁਤ ਸਾਰਾ ਅੰਤਰ ਹੈ। ਇਸ ਡੂੰਘੇ ਪਾੜੇ ਨੂੰ ਖਤਮ ਕਰਨ ਲਈ ਤੇ ਮੁਹਾਰਤ ਦੇਣ ਲਈ Wadhwani Foundation ਨੇ Skills Development Network (SDN) 2011 ਵਿਚ ਸਥਾਪਤ ਕੀਤਾ। ਇਸਨੇ ਹਾਈ ਸਕੂਲ, ਕਾਲਜ ਤੇ ਨੌਕਰੀ ਦੇਣ ਵਾਲਿਆਂ ਦੀ ਕੁਸ਼ਲ ਕਾਮੇ ਤਿਆਰ ਕਰਨ ਵਿਚ ਬਹੁਤ ਮਦਦ ਕੀਤੀ।

3. ਆਪਣੇ ਮਾਡਲ ਰਾਹੀਂ SDN ਨੇ 2015-16 ਵਿਚ ਦੋ ਲੱਖ ਤੋਂ ਵੱਧ ਵਿਅਕਤੀਆਂ ਨੂੰ ਸਿਖਲਾਈ ਦੇਣ ਦੀ ਆਸ ਕੀਤੀ ਹੈ ਅਤੇ 2020 ਈ. ਤਕ ਇਸਦਾ ਟੀਚਾ ਹੋਰ ਵੀ ਵੱਧਕੇ ਸਾਲ ਵਿਚ ਤਿੰਨ ਮਿਲੀਅਨ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਦਾ ਹੈ ਜਿਹੜਾ 50,000 ਸਕੂਲਾਂ ਤੇ 10,000 ਕਾਲਜਾਂ ਵਿਚ ਪ੍ਰੋਗਰਾਮ ਪ੍ਰਬੰਧ ਦੁਆਰਾ ਕੀਤਾ ਜਾਵੇਗਾ।

4. 2012-13 ਦੇ ਕੇਂਦਰੀ ਬਜਟ ਵਿਚ National Skill Development Fund (NSDF) ਦੇ ਅਧੀਨ ਕੁਸ਼ਲਤਾਵਾਂ ਦੇ ਵਿਕਾਸ ਦੇ ਪ੍ਰੋਗਰਾਮਾਂ ਦਾ ਬਜਟ 1000 ਕਰੋੜ ਤੋਂ ਵਧਾਕੇ 2500 ਕਰੋੜ ਰੁਪਏ ਤਕ ਦਾ ਕੀਤਾ ਹੈ।

5. Credit ਗਾਰੰਟੀ ਫੰਡ ਦੇ ਸ਼ੁਰੂ ਹੋਣ ਨਾਲ ਅਤੇ ਕਿੱਤਾਮੁਖੀ ਸਿਖਲਾਈ ਸੰਸਥਾਵਾਂ ਨੂੰ ਸੇਵਾ ਕਰ ਤੋਂ ਛੋਟ ਦੇਣ ਨਾਲ ਸਿਖਲਾਈ ਲੈਣੀ ਸੌਖੀ ਹੋ ਗਈ ਹੈ। ਹੁਣ ਸਕੂਲ ਪੱਧਰ ਤੋਂ ਆਪਣੀ ਮਰਜੀ ਦੇ ਖੇਤਰ ਵਿਚ ਸਿਖਲਾਈ ਲੈਣ ਦੇ ਮੌਕੇ ਮਿਲ ਜਾਂਦੇ ਹਨ।

6. ITI's, ਪੋਲੀਟੈਕਨਿਕ ਤੇ ITCs ਵਰਗੇ ਬਹੁਤ ਸਾਰੇ ਕੁਸ਼ਲਤਾ ਸਿਖਲਾਈ ਕੇਂਦਰ ਹਨ। ਸਰਕਾਰੀ ਅਦਾਰਿਆਂ ਤੋਂ ਇਲਾਵਾ ਕੁਝ ਪ੍ਰਾਈਵੇਟ ਸਿਖਲਾਈ ਕੇਂਦਰ ਵੀ ਹਨ, ਜਿਨ੍ਹਾਂ ਵਿਚੋਂ ਕਈਆਂ ਨੂੰ ਸਰਕਾਰੀ ਮਦਦ ਵੀ ਮਿਲਦੀ ਹੈ।

7. ਵਿਦਿਆਰਥੀਆਂ ਨੂੰ ਕੁਸ਼ਲਤਾ ਸਿਖਲਾਈ ਪ੍ਰੋਗਰਾਮ ਵਿਚ ਜਾਣ ਤੋਂ ਪਹਿਲਾਂ ਕੁਝ ਗੱਲਾਂ ਦਾ ਧਿਆਨ ਰੱਖਣਾ ਪਵੇਗਾ। ਸਭ ਤੋਂ ਪਹਿਲਾਂ ਤੇ ਜਰੂਰੀ ਤੱਥ ਕਿ ਖਾਸ ਕੁਸ਼ਲਤਾ ਲਈ ਵਧੀਆ ਵਿਸਥਾਪਨ ਕੇਂਦਰ ਹਨ ਜਾਂ ਨਹੀਂ ਕਿਉਂਕਿ ਕਈ ਵਾਰ ਕਿਸੇ ਕੁਸ਼ਲਤਾ ਦੀ ਪਲੇਸਮੈਂਟ ਸੌਖੀ ਨਹੀਂ ਹੁੰਦੀ। ਦੂਜਾ, ਸਿਖਲਾਈ ਕੇਂਦਰ ਵਧੇਰੇਤਰ ਸਰਕਾਰੀ ਇਮਦਾਦ/ਮਦਦ ਨਾਲ ਚੱਲ ਰਹੇ ਹੁੰਦੇ ਹਨ, ਉਹਨਾਂ ਦੀ ਗੁਣਵੱਤਾ ਕਿਸੇ ਖਾਸ ਏਜੰਸੀ ਵਲੋਂ ਸਮੇਂ-ਸਮੇਂ ਉਤੇ ਵੇਖੀ ਜਾਣੀ ਚਾਹੀਦੀ ਹੈ। ਤੀਜਾ, ਸਿਖਲਾਈ ਲੈਣ ਤੋਂ ਬਾਦ ਕਿਸ ਤਰ੍ਹਾਂ ਦਾ ਸਰਟੀਫਿਕੇਟ ਦਿੱਤਾ ਜਾਵੇਗਾ। ਸਰਟੀਫਿਕੇਟ ਤਸਦੀਕ ਕਰਨ ਵਾਲੀਆਂ ਕੁਝ ਮਹੱਤਵਪੂਰਨ ਇਕਾਈਆਂ ਹਨ ਜਿਵੇਂ NCTV ਤੇ Sector Skills Council of NSDL

8. ਅਸੀਂ ਸਾਰੇ ਵਿਭਿੰਨ ਰਿਪੋਰਟਾਂ ਤੇ ਖੋਜਾਂ ਤੋਂ ਵਿਸ਼ਵ ਦੀ ਆਬਾਦੀ ਬਾਰੇ ਚੇਤੰਨ ਹਾਂ। ਭਾਰਤ ਕੋਲ ਆਪਣੀ ਆਬਾਦੀ ਰਾਹੀਂ ਉਦਯੋਗਾਂ ਵਿਚ ਕਾਮਿਆਂ ਦੀ ਮੰਗ ਨੂੰ ਪੂਰਾ ਕੀਤਾ ਜਾ ਸਕਦਾ ਹੈ। 50 ਵਿਆਂ ਵਿਚ ਜਿਵੇਂ ਯੂਰਪ ਵਿਚ ਮਕੈਨੀਕਲ ਕ੍ਰਾਂਤੀ ਆਈ, ਮੱਧ ਪੂਰਬੀ ਦੇਸ਼ਾਂ ਵਿਚ 70 ਵਿਆਂ ਵਿਚ ਤੇਲ ਕ੍ਰਾਂਤੀ ਆਈ, ਇਸੇ ਤਰ੍ਹਾਂ ਭਾਰਤ ਦੀ ਅਰਥ ਵਿਵਸਥਾ ਵਿਚ ਵੀ ਆਪਣੇ ਨੌਜਵਾਨਾਂ ਰਾਹੀਂ ਕ੍ਰਾਂਤੀ ਆ ਸਕਦੀ ਹੈ। ਇਹ ਤਾਂ ਹੀ ਸੰਭਵ ਹੈ, ਜੇਕਰ ਅਸੀਂ ਆਪਣੇ ਨੌਜਵਾਨਾਂ ਨੂੰ ਵਿਸ਼ਵ-ਪੱਧਰੀ ਉਦਯੋਗਾਂ ਦੀ ਲੋੜ ਮੁਤਾਬਕ ਸਿਖਲਾਈ ਦੇਕੇ ਯੋਗ ਬਣਾ ਸਕੀਏ, ਵਿਸ਼ਵ ਦੇ ਮਾਪਦੰਡਾਂ ਅਨੁਸਾਰ ਉਹਨਾਂ ਨੂੰ ਉਸ ਪੱਧਰ ਦੀ ਸਿਖਲਾਈ ਦੇਕੇ ਸਰਟੀਫਿਕੇਟ ਦੇ ਸਕੀਏ।

### 2.3.5 ਰਾਸ਼ਟਰੀ ਕਾਰਜ-ਕੁਸ਼ਲਤਾ ਵਿਕਾਸ ਕਾਰਪੋਰੇਸ਼ਨ

The National Skill Development Corporation (NSDC) ਨੂੰ ਇਸ ਕੰਮ ਲਈ ਸਥਾਪਤ ਕੀਤਾ। NSDC ਨਾਮਕ ਮਾਡਲ ਹੇਠ ਲਿਖੇ ਥੰਮਾਂ ਅਧਾਰਤ ਤਿਆਰ ਕੀਤਾ ਗਿਆ:-

1. Create : ਕਿੱਤਾ-ਮੁੱਖੀ ਸਿਖਲਾਈ ਸੰਸਥਾਵਾਂ ਵਿਚ ਗੁਣਵੱਤਾ ਤੇ ਉਤਪ੍ਰੇਰਨਾ ਪੈਦਾ ਕਰਨੀ।
2. Fund : ਗਰਾਟਾਂ ਤੇ ਫੰਡਾਂ ਨੂੰ ਨਿਰਪੱਖਤਾ ਤੇ ਨਿਰਵਿਘਨਤਾ ਨਾਲ ਦੇਣਾ।
3. Enable : ਕੁਸ਼ਲਤਾਵਾਂ ਦੇ ਵਿਕਾਸ ਪ੍ਰੋਗਰਾਮ ਲਈ ਸਹਾਇਕ ਪ੍ਰਣਾਲੀਆਂ ਨੂੰ ਬਣਾਉਣਾ ਤੇ ਕਾਇਮ ਰੱਖਣਾ।

NSDC ਦੇ ਮੁੱਖ ਟੀਚੇ ਇਸ ਤਰ੍ਹਾਂ ਹਨ:-

- ਮਹੱਤਵਪੂਰਨ ਉਦਯੋਗਾਂ ਦੇ ਸਹਿਯੋਗ ਨਾਲ ਅੰਤਰ-ਰਾਸ਼ਟਰੀ ਮਾਪਦੰਡਾਂ ਦੇ ਅਨੁਸਾਰ ਕੁਸ਼ਲਤਾਵਾਂ ਦਾ ਦਰਜਾ ਵਧਾਉਣਾ।
- ਢੁਕਵੇਂ Public-Private Partnership (PPP) ਮਾਡਲ ਰਾਹੀਂ ਪ੍ਰਾਈਵੇਟ ਸੈਕਟਰ ਦੇ ਸਹਿਯੋਗ ਨਾਲ ਕੁਸ਼ਲਤਾਵਾਂ ਦੇ ਵਿਕਾਸ ਨੂੰ ਵਧਾਉਣਾ ਤੇ ਮਦਦ ਕਰਨਾ।
- ਜਿਥੇ ਮੰਡੀਕਰਨ ਦਾ ਮਕਾਨੀਕਰਨ ਪ੍ਰਭਾਵਸ਼ਾਲੀ ਨਹੀਂ ਜਾਂ ਹੈ ਨਹੀਂ ਹੈ, ਉਥੇ ਵਿਤੀ ਮਦਦ ਨਾਲ "Market Maker" ਦੀ ਭੂਮਿਕਾ ਨਿਭਾਉਣੀ।
- ਵਧੀਆ ਪ੍ਰਭਾਵ ਪਾਉਣ ਲਈ ਉੱਦਮ ਕਰਨੇ।

**2.3.5.1** **ਭਾਈਵਾਲੀ (Partnerships)**

ਕੁਸ਼ਲਤਾ ਵਿਕਾਸ ਪ੍ਰਣਾਲੀ ਨੂੰ ਵਧਾਉਣ ਲਈ NSDC ਬਾਕੀ ਭਾਈਵਾਲਾਂ ਨਾਲ ਰਲਕੇ ਕੰਮ ਕਰਦਾ ਹੈ।

- Private Sector - ਭਾਈਵਾਲੀ ਦੇ ਖੇਤਰ ਵਿਚ ਮੌਜੂਦ ਹਨ ਜਿਵੇਂ ਜਾਗ੍ਰਤੀ ਲਿਆਉਣ ਲਈ ਇਮਾਰਤ, ਸਮਰਥਾ ਉਤਪੰਨ ਕਰਨਾ, ਕਰਜੇ ਤੇ ਵਿਤ ਦਾ ਪ੍ਰਬੰਧ, ਸੈਕਟਰ ਸਕਿੱਲ ਕੌਂਸਲ ਦੀ ਉਤਪਤੀ ਤੇ ਵਿਕਾਸ, ਸਰਟੀਫਿਕੇਟ ਲਈ ਮੁਲਾਂਕਣ ਪ੍ਰਣਾਲੀ, ਰੁਜਗਾਰ ਦੇਣਾ, ਸਮਾਜਕ ਜਿੰਮੇਵਾਰੀ ਦਾ ਵਿਕਾਸ, ਵਿਸ਼ਵ ਪੱਧਰੀ ਕੁਸ਼ਲਤਾਵਾਂ ਦੇ ਮੁਕਾਬਲੇ ਜੰਮੂ ਕਸ਼ਮੀਰ ਵਿਚ "ਉਡਾਨ" ਵਰਗੇ ਖਾਸ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ ਆਦਿਕ International Engagement – ਪੂੰਜੀ ਨਿਵੇਸ਼, ਤਕਨੀਕੀ ਸਹਾਇਤਾ, ਦੂਜੇ ਦੇਸ਼ਾਂ ਦੇ ਮਾਪਦੰਡ ਤੇ ਪੱਧਰ, ਵਿਦੇਸ਼ਾਂ ਵਿਚ ਰੁਜ਼ਗਾਰ ਤੇ ਹੋਰ ਖੇਤਰ।
- Central Ministries - Make in India, ਸਵੱਛ ਭਾਰਤ, ਪ੍ਰਧਾਨ ਮੰਤਰੀ ਜਨ ਧਨ ਯੋਜਨਾ, ਸਮਾਰਟ ਸਿਟੀ, ਡਿਜੀਟਲ ਇੰਡੀਆ, Namami Ganga ਤੇ ਹੋਰ ਬਹੁਤ ਸਾਰੇ ਦੇਸ਼ ਦੇ ਪ੍ਰੋਗਰਾਮਾਂ ਵਿਚ ਹਿੱਸਾ ਲੈਣਾ।
- State Governments - NSQF ਦੇ ਸਹਿਯੋਗ ਨਾਲ ਪ੍ਰੋਗਰਾਮ ਤੇ ਸਕੀਮਾਂ ਦਾ ਵਿਕਾਸ ਕਰਨਾ ਅਤੇ ਸਮਰਥਾ ਦਾ ਵਿਕਾਸ ਕਰਨਾ, ਪ੍ਰੋਗਰਾਮਾਂ ਨੂੰ ਚਲਾਉਣਾ, ਦੂਜਿਆਂ ਵਿਚ ਸਮਰਥਾਵਾਂ ਦੇ ਵਿਕਾਸ ਦੀ ਕੋਸ਼ਿਸ਼ ਕਰਨਾ।
- University/School Systems – ਵਿਸ਼ੇਸ਼ ਸਿਖਲਾਈ ਪ੍ਰੋਗਰਾਮਾਂ ਦੇ ਰਾਹੀਂ ਸਿਖਿਆ ਦਾ ਕਿੱਤਾ ਕਰਨ ਕਰਨਾ ਤੇ ਵਿਕਾਸ ਕਰਨਾ।
- Non-Profit Organisations – ਹਾਸ਼ੀਏ ਮਾਲੇ ਤੇ ਵਿਸ਼ੇਸ਼ ਸਮੂਹਾਂ ਲਈ ਸਮਰਥਾ ਦਾ ਵਿਕਾਸ ਕਰਨਾ। ਸਵੈ-ਰੁਜਗਾਰ ਤੇ ਉਦਮੀ ਪ੍ਰੋਗਰਾਮ ਕਰਨੇ।
- Innovation – ਕੁਸ਼ਲਤਾਵਾਂ ਦੇ ਪ੍ਰੋਗਰਾਮ ਵਿਚਲੀਆਂ ਕਮੀਆਂ ਨੂੰ ਦੂਰ ਕਰਨ ਲਈ ਨਵੀਨ ਵਪਾਰਕ ਮਾਡਲਾਂ ਉੱਤੇ ਕੰਮ ਕਰਨਾ ਅਤੇ ਸਮਾਜ ਦੇ ਨਵੇਂ ਉਦਮੀਆਂ ਦੀ ਮਦਦ ਕਰਨਾ।

**2.3.5.2** **ਪ੍ਰਾਪਤੀਆਂ**

- 5.2 ਮਿਲੀਅਨ ਤੋਂ ਉਪਰ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ।
- ਸਿਖਲਾਈ ਦੇਣ ਤੇ ਸਮਰਥਾ ਦਾ ਵਿਕਾਸ ਕਰਨ ਲਈ 235 ਪ੍ਰਾਈਵੇਟ ਸੈਕਟਰਾਂ ਨਾਲ ਭਾਈਵਾਲੀ ਕੀਤੀ ਅਤੇ ਹਰੇਕ ਨੇ 10 ਸਾਲਾਂ ਦੇ ਸਮੇਂ ਵਿਚ 50,000 ਵਿਅਕਤੀਆਂ ਨੂੰ ਸਿਖਿਅਤ ਕੀਤਾ।
- 1386 ਯੋਗਤਾਵਾਂ ਦੇ ਪੈਥ 6,744 National Occupational Standards (NOS) ਨਾਲ ਹਨ। ਇਹ 1000 ਤੋਂ ਉਪਰ ਕੰਪਨੀਆਂ ਵਲੋਂ ਵੈਧਤਾ ਪ੍ਰਾਪਤ ਹਨ।

- ਕਿੱਤਾ-ਮੁਖੀ ਸਿਖਲਾਈ 10 ਸਾਲਾਂ ਵਿਚ ਸ਼ੁਰੂ ਕਰਾਈ, ਜਿਸ ਵਿਚ 2400+ਸਕੂਲ, 2 ਬੋਰਡ ਹਨ ਜਿਨ੍ਹਾਂ ਤੋਂ 2.5 ਲੱਖ ਤੋਂ ਵੱਧ ਵਿਦਿਆਰਥੀ ਲਾਭ ਉਠਾ ਰਹੇ ਹਨ।
- ਇਹਨਾਂ ਦਾ ਪਾਠਕ੍ਰਮ National Occupational Standards (NOS) ਅਤੇ SSC ਦੀ ਪ੍ਰਮਾਣਿਕਤਾ ਦੇ ਆਧਾਰ ਉੱਤੇ ਹਨ। NSDC 21 ਯੂਨੀਵਰਸਿਟੀਆਂ ਨਾਲ ਕੰਮ ਕਰ ਰਹੀ ਹੈ। UGC/AICTE ਦੇ ਅਧੀਨ ਚੱਲ ਰਹੇ ਕਮਿਊਨਿਟੀ ਕਾਲਜ ਵੀ ਇਸਦੇ ਅਧੀਨ ਹਨ।
- ਕੁਸ਼ਲਤਾ ਵਿਕਾਸ ਪ੍ਰੋਗਰਾਮਾਂ ਜਿਵੇਂ ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਨੂੰ ਲਾਗੂ ਕਰਨ ਲਈ ਡਿਜਾਇਨ ਤਿਆਰ ਕਰਨ ਵਾਲੀ ਏਜੰਸੀ ਹੈ।
- Skill Development Management System (SDMS) ਵਿਚ 1400 ਸਿਖਲਾਈ ਭਾਈਵਾਲਾਂ, 28179 ਸਿਖਲਾਈ ਕੇਂਦਰ, 16479 ਸਿਖਿਅਕ, 20 ਰੁਜਗਾਰ ਕੇਂਦਰ, 77 ਮੁਲਾਂਕਣ ਏਜੰਸੀਆਂ ਅਤੇ 4983 ਸੂਚੀ ਵਿਚ ਸ਼ਾਮਲ ਮੁੱਲ-ਨਿਰਧਾਰਕ (empanelled assessors) ਸ਼ਾਮਲ ਹਨ। ਇਸਦੇ ਸਾਜੋ ਸਮਾਨ ਨੂੰ ISO 20000/27000 ਰਾਹੀਂ ਤਸਦੀਕ ਕੀਤਾ ਗਿਆ ਹੈ।

### ਛੋਟੇ ਉੱਤਰਾਂ ਵਾਲੇ ਪ੍ਰਸ਼ਨ

1. ਭਵਿਖਵਾਦੀ ਪਾਠਕ੍ਰਮ ਦੀਆਂ ਲੋੜਾਂ ਤੋਂ ਤੁਸੀ ਕੀ ਸਮਝਦੇ ਹੋ?

.................................................................................................................

.................................................................................................................

2. ਕਾਰਜ ਕੁਸ਼ਲਤਾ ਪਾਠਕ੍ਰਮ ਦੀ ਮਹੱਤਤਾ ਬਾਰੇ ਲਿਖੋ।

.................................................................................................................

.................................................................................................................

## 2.3.6 ਕਿੱਤਾ-ਮੁੱਖੀ ਸਿੱਖਿਆ

ਸਾਡਾ ਦੇਸ਼ ਸਾਇੰਸ ਤੇ ਤਕਨਾਲੋਜੀ ਦੇ ਵਿਕਾਸ ਨਾਲ ਵਿਕਸਤ ਹੋ ਰਿਹਾ ਹੈ। ਇਹ ਸਭ ਕੁਝ ਸਮਗੱਰੀ ਤੇ ਮਾਨਵੀ ਸਰੋਤਾਂ ਦੀ ਉਪਲਬਧਤਾ ਕਰਕੇ ਸੰਭਵ ਹੋ ਸਕਿਆ ਹੈ। ਸਾਡਾ ਦੇਸ਼ ਇਹਨਾਂ ਦੋਹਾਂ ਸਰੋਤਾਂ ਵਿਚ ਹੀ ਬੜਾ ਅਮੀਰ ਹੈ। ਲੋੜ ਇਸਦੀ ਸਹੀ ਵਰਤੋਂ ਦੀ ਹੈ। ਇਸਦੀ ਸੰਭਵਤਾ ਕਿੱਤਾ-ਮੁਖੀ ਸਿਖਲਾਈ ਦੇ ਫੈਲਾਅ ਤੇ ਵਿਕਾਸ ਨਾਲ ਹੀ ਸੰਭਵ ਹੈ। ਇਸ ਸਮੇਂ ਲੋੜ ਹੈ ਕਿ ਕਿੱਤਾ-ਮੁਖੀ ਸਿੱਖਿਆ ਦੇਕੇ "Technical Know-how" ਦੇ ਖੇਤਰ ਵਿੱਚ ਮੁਹਾਰਤ ਹਾਸਲ ਕੀਤੀ ਜਾ ਸਕੇ।

### 2.3.6.1 ਕਿੱਤਾ-ਮੁਖੀ ਸਿੱਖਿਆ ਦਾ ਅਰਥ

ਕਿੱਤਾ-ਮੁਖੀ ਸਿੱਖਿਆ ਦਾ ਸਬੰਧ ਕਿੱਤੇ ਦੀ ਸਿਖਲਾਈ ਦੇਣ ਤੋਂ ਹੈ। ਇਸਦਾ ਸਬੰਧ ਉਤਪਾਦਕਤਾ ਨਾਲ ਹੈ। ਇਹ ਸਿੱਖਿਆ ਕਿੱਤਿਆ ਲਈ ਵਿਅਕਤੀਆਂ ਨੂੰ ਤਿਆਰ ਕਰਦੀ ਹੈ। ਇਸ ਕੋਲ ਬਹੁਤ ਜ਼ਿਆਦਾ ਰੁਜ਼ਗਾਰ ਦੀਆਂ ਸਮਰਥਾਵਾਂ ਹੁੰਦੀਆਂ ਹਨ। ਇਹ ਪਹੁੰਚ ਦਾ ਖੇਤਰ ਵਿਸ਼ਾਲ ਰੱਖਣ ਵਿਚ ਮਦਦ ਕਰਦੀ ਹੈ। ਇਹ ਹੱਥੀਂ ਕੰਮ ਕਰਨ ਦੀ ਭਾਵਨਾ ਦਾ ਵਿਕਾਸ ਕਰਦੀ ਹੈ। ਇਹ ਦੇਸ਼ ਦੇ ਸਰੋਤਾਂ ਦੀ ਵਰਤੋਂ ਕਰਨ ਵਿਚ ਮਦਦ ਕਰਦੀ ਹੈ।

ਕਿੱਤਾ-ਮੁਖੀ ਸਿੱਖਿਆ ਅਜਿਹੀ ਸਿਖਿਆ ਹੈ ਜੋ ਵੋਕੇਸ਼ਨਲ ਸਕੂਲਾਂ ਵਿਚ ਲੋਕਾਂ ਨੂੰ ਖਾਸ ਕਿੱਤੇ ਲਈ ਤਿਆਰ ਕਰਦੀ ਹੈ। ਇਹ ਸਿੱਖਿਆ ਕਿੱਤੇ ਨਾਲ ਸਬੰਧਤ ਸਾਰੇ ਪੱਖਾਂ ਜਿਵੇਂ ਤਕਨਾਲੋਜੀ, ਕੁਸ਼ਲਤਾ ਤੇ ਵਿਗਿਆਨਕ ਤਕਨੀਕਾਂ ਵਿਚ ਵਿਅਕਤੀਆਂ ਨੂੰ ਉੱਦਮੀ ਬਣਾਉਂਦੀ ਹੈ।

ਜਦੋਂ ਕਿੱਤਾ ਸਿੱਖਿਆ ਨੂੰ ਸਾਧਾਰਨ ਸਿੱਖਿਆ ਨਾਲ ਜੋੜ ਦਿੱਤਾ ਜਾਵੇ ਤਾਂ ਇਸਨੂੰ ਸਿੱਖਿਆ ਦਾ ਕਿੱਤਈਕਰਨ ਕਿਹਾ ਜਾਂਦਾ ਹੈ। ਇਸਨੂੰ ਸਿੱਖਿਆ ਵਿਚ ਦਸਤੀ ਕੁਸ਼ਲਤਾ ਸਿਖਾਉਣ ਲਈ ਡਿਜਾਇਨ ਕੀਤਾ ਜਾਂਦਾ ਹੈ। ਇਸਦਾ ਸਿੱਖਿਆ ਦਾ ਅਰਧ ਸਾਧਾਰਨ ਸਿੱਖਿਆ ਦੇ ਨਾਲ ਸੈਕੰਡਰੀ ਤੇ ਹਾਇਰ ਸੈਕੰਡਰੀ ਪੱਧਰ ਉੱਤੇ ਕੁਝ ਕਿੱਤਿਆ ਵਿਚ ਸਿਖਲਾਈ ਦੇਣਾ ਹੈ।

ਸੈਕੰਡਰੀ ਐਜੂਕੇਸ਼ਨ ਕਮਿਸ਼ਨ (1952-1953) ਦੀਆਂ ਹਦਾਇਤਾਂ ਅਨੁਸਾਰ ਕਿੱਤਾ-ਮੁਖੀ ਸਿੱਖਿਆ ਵਿਦਿਆਰਥੀਆਂ ਵਿਚ ਕਿੱਤਈ ਕਾਰਜ-ਕੁਸ਼ਲਤਾ ਦਾ ਸੁਧਾਰ ਕਰਨ ਲਈ ਹੁੰਦੀ ਹੈ। ਇਸ ਤਰ੍ਹਾਂ ਕਮਿਸ਼ਨ ਸਾਡੇ ਵਿਦਿਆਰਥੀਆਂ ਵਿਚ ਉਸਾਰੂ ਕਿੱਤਈ ਕੁਸ਼ਲਤਾ ਵਧਾਉਣ ਉੱਤੇ ਜ਼ੋਰ ਦਿੰਦਾ ਹੈ। ਇਸਨੂੰ ਬਹੁਤ ਉਦੇਸ਼ੀ ਸਕੂਲਾਂ ਵਿਚ ਚਲਾਉਣ ਲਈ ਸਿਫਾਰਸ਼ ਕੀਤੀ ਗਈ ਹੈ।

The Indian Education Commission (1966) ਨੇ ਵੀ ਇਹ ਸੰਕੇਤ ਕੀਤਾ ਹੈ ਸਿੱਖਿਆ ਵਿਚ ਕਿਤੱਈਕਰਨ ਸਿੱਖਿਆ ਨੂੰ ਉਤਪਾਦਕਤਾ ਦੇ ਨੇੜੇ ਲਿਆ ਸਕਦਾ ਹੈ। ਇਹ ਸੈਕੰਡਰੀ ਸਿਖਿਆ ਦੇ ਪੱਧਰ ਉੱਤੇ ਮਜਬੂਤ ਵਿਵਸਾਇਕ ਝੁਕਾਅ ਨੂੰ ਸਿਫਾਰਸ਼ ਕਰਦਾ ਹੈ ਅਤੇ ਇਸਨੂੰ ਵਧਾਕੇ ਯੂਨੀਵਰਸਿਟੀ ਪੱਧਰ ਉੱਤੇ ਖੇਤੀਬਾੜੀ ਤੇ ਤਕਨੀਕੀ ਸਿੱਖਿਆ ਉੱਤੇ ਜੋਰ ਦੇਣ ਦੀ ਸਿਫਾਰਸ਼ ਕਰਦਾ ਹੈ।

The National Policy on Education (1986) ਅਤੇ ਇਸ ਦੇ ਸੋਧੇ ਹੋਏ ਸੂਤਰਾਂ ਵਿਚ ਕਿੱਤਾ-ਮੁਖੀ ਸਿੱਖਿਆ ਨੂੰ ਕ੍ਰਮਬੱਧ ਰੂਪ, ਨਿਯੋਜਤ ਢੰਗ ਨਾਲ ਤੇ ਜੋਰਦਾਰ ਢੰਗ ਨਾਲ ਲਾਗੂ ਕਰਨ ਉੱਤੇ ਜੋਰ ਦਿੱਤਾ ਗਿਆ ਹੈ।

ਕਿੱਤਾ-ਮੁਖੀ ਸਿੱਖਿਆ ਦੇ ਕੋਰਸ ਆਮ ਕਰਕੇ 11ਵੀਂ ਤੇ 12ਵੀਂ ਵਿੱਚ ਦਿੱਤੇ ਜਾਂਦੇ ਹਨ। ਇਹਨਾਂ ਦਾ ਟੀਚਾ ਵਿਦਿਆਰਥੀਆਂ ਨੂੰ Labor Market ਲਈ ਤਿਆਰ ਕਰਨਾ ਹੈ। ਵਧੇਰੇਤਰ ਪਬਲਿਕ ਸੈਕਟਰ ਵਿਚ ਮੌਜੂਦ 6800 ਸਕੂਲ ਹਨ, ਜਿਨ੍ਹਾਂ ਵਿਚ ਕਿੱਤਾ-ਮੁਖੀ ਸਕੀਮ ਦੇ ਅਧੀਨ 400,000 ਵਿਦਿਆਰਥੀ ਪੜ੍ਹ ਰਹੇ ਹਨ। ਇਹ ਸਕੂਲ ਵੱਖ-ਵੱਖ ਖੇਤਰਾਂ ਦੇ ਲਗਭਗ 100 ਕੋਰਸਾਂ ਤੋਂ ਉਪਰ ਦੀ ਸਿਖਿਆ ਦੇ ਰਹੇ ਹਨ। ਜਿਵੇਂ-ਖੇਤੀਬਾੜੀ, ਵਪਾਰ ਤੇ ਕਾਮਰਸ, ਹਿਊਮੈਨੀਟੀਜ, ਇੰਜਨੀਅਰਿੰਗ ਤੇ ਤਕਨਾਲੋਜੀ, ਘਰੇਲੂ ਵਿਗਿਆਨ ਅਤੇ ਸਿਹਤ ਤੇ ਪੈਰਾ ਮੈਡੀਕਲ ਕੁਸ਼ਲਤਾਵਾਂ।

### **2.3.7** ਵਿਵਸਾਇਕ ਪੱਖਪਾਤ

#### ਵਿਵਸਾਇਕ ਪੱਖਪਾਤ ਦਾ ਅਰਥ

ਵਿਵਸਾਇਕ ਪੱਖਪਾਤ ਦਾ ਅਰਥ ਤਕਨੀਕੀ ਤੇ ਵਿਵਸਾਇਕ ਸਿੱਖਿਆ ਤੇ ਸਿਖਲਾਈ ਦੇ ਸੰਦਰਭ ਵਿਚ ਮਰਦਾਂ ਤੇ ਔਰਤਾਂ ਵਿਚਕਾਰ ਭਿੰਨਤਾ ਰੱਖਣਾ ਹੈ। ਇੱਥੋਂ ਤੱਕ ਕਿ ਜਦੋਂ ਉਹ ਕਿੱਤਿਆਂ ਜਾਂ ਅਨੁਸ਼ਾਸਨਾਂ ਦੀ ਚੋਣ ਵੀ ਕਰਦੇ ਹਨ ਤਾਂ ਔਰਤਾਂ ਦੀ ਚੋਣ ਮਰਦਾਂ ਨਾਲੋਂ ਵੱਖਰੀ ਹੁੰਦੀ ਹੈ। ਆਦਮੀ ਮਕਾਨਕੀ, ਵੈਲਡਿੰਗ, ਪ੍ਰਿੰਟਿੰਗ, ਆਟੋਮੋਟਿਵ, ਇਲੈਕਟ੍ਰੋਨਿਕਸ, ਕੰਪਿਊਟਰ ਵੱਲ ਜਾਂਦੇ ਹਨ ਤਾਂ ਔਰਤਾਂ ਰਸੋਈ ਸੰਬੰਧੀ ਕੰਮ, ਘਰੇਲੂ ਰੱਖ-ਰਖਾਵ ਸੰਬੰਧੀ, ਦਫਤਰੀ, ਖਾਣ-ਪੀਣ ਅਤੇ ਹੋਰ ਰਲਦੇ-ਮਿਲਦੇ ਕਿੱਤਿਆਂ ਨਾਲ ਸਬੰਧਤ ਸਿਖਲਾਈ ਲੈਂਦੀਆਂ ਹਨ। ਇਸ ਤਰ੍ਹਾਂ ਦੀ ਚੋਣ ਦਾ ਅਧਾਰ ਜਟਿਲਦਾਰ ਸਮਾਜਕ, ਸਭਿਆਚਾਰਕ ਤੇ ਆਰਥਿਕ ਤਾਣਾ-ਬਾਣਾ ਹੈ। ਸਮਾਜ ਵਿਚ ਪੱਕੀ ਤਰ੍ਹਾਂ ਸਥਾਪਤ ਸੱਭਿਆਚਾਰਕ ਉਮੀਦਾਂ ਹਨ, ਜਿਹਨਾਂ ਦੀ ਭੂਮਿਕਾ ਔਰਤ ਨੂੰ ਨਿਭਾਉਣੀ ਪੈਂਦੀ ਹੈ। ਲਿੰਗ ਉਤੇ ਅਧਾਰਤ ਕਿੱਤੇ ਵੀ ਔਰਤ ਤੇ ਮਰਦ ਦੇ ਵਖਰੇਵਿਆਂ ਨੂੰ ਵਧਾਉਂਦੇ ਹਨ। ਪਰੰਤੂ ਅਜਿਹੀਆਂ ਰੁਕਾਵਟਾਂ ਨੂੰ ਤੋੜਕੇ ਅਸੀਂ ਔਰਤਾਂ ਨੂੰ ਰੁਜਗਾਰ ਦੇ ਇਕੋ ਜਿਹੇ ਮੌਕੇ ਦੇ ਸਕਦੇ ਹਾਂ। ਔਰਤਾਂ ਨੂੰ ਅਕਸਰ ਘੱਟ-ਕੁਸ਼ਲਤਾ, ਕੁਸ਼ਲਤਾ-ਰਹਿਤ ਤੇ ਘੱਟ ਤਨਖਾਹ ਕਿੱਤਿਆ ਤਕ ਸੀਮਤ ਰੱਖਿਆ ਜਾਂਦਾ ਹੈ। ਦੱਖਣੀ ਏਸ਼ੀਆ ਵਿਚ ILO ਦੇ ਅਨੁਸਾਰ 84% ਔਰਤਾਂ ਇਤਰਾਜਯੋਗ ਰੁਜਗਾਰ ਕਰਦੀਆਂ ਹਨ।

1. ਆਮ ਤੌਰ ਉੱਤੇ ਸੰਕੇਤ ਕੀਤਾ ਜਾਂਦਾ ਹੈ ਕਿ ਮੁੰਡੇ ਕੁੜੀਆਂ ਨਾਲੋਂ ਵੱਧ ਗਣਿਤ ਵਿਚ ਵਧੀਆ ਕੰਮ ਕਰਦੇ ਹਨ ਜਦਕਿ ਕੁੜੀਆਂ ਪੜ੍ਹਨ ਵਿਚ ਵਧੀਆ ਕੁਸ਼ਲ ਹੁੰਦੀਆਂ ਹਨ।

2. ਲੜਕੀਆਂ ਤੇ ਮਾਪਿਆਂ ਨੂੰ ਇਹ ਸਿਖਿਅਤ ਕਰਨ ਦੀ ਲੋੜ ਹੈ ਕਿ ਉਹ ਲਿੰਗ ਅਧਾਰਤ ਕਿੱਤਿਆਂ ਸੰਬੰਧੀ ਬਣੀਆਂ ਹੋਈਆਂ ਸਮਾਜਕ ਤੇ ਸਭਿਆਚਾਰਕ ਧਾਰਨਾਵਾਂ ਉੱਤੋਂ ਕਾਬੂ ਪਾ ਸਕਣ। ਪਾਠਕ੍ਰਮ ਤੇ ਪਠਨ ਸਮੱਗਰੀ ਵਿਚ ਵੀ ਔਰਤ ਨੂੰ ਸ਼ਕਤੀਸ਼ਾਲੀ ਮਾਡਲ ਦੇ ਰੂਪ ਵਿਚ ਪੇਸ਼ ਕਰਨਾ ਚਾਹੀਦਾ ਹੈ।

3. ਮਰਦ ਪ੍ਰਧਾਨ ਕਿੱਤਿਆਂ ਵਿਚ ਔਰਤਾਂ ਵੀ ਹੋਣੀਆਂ ਚਾਹੀਦੀਆਂ ਹਨ। ਔਰਤਾਂ ਲਈ ਤਕਨੀਕੀ ਸਿੱਖਿਆ ਤੇ ਆਧੁਨਿਕ ਆਰਥਿਕ ਕਿੱਤੇ ਵਧਾਉਣ ਦੀ ਲੋੜ ਹੈ।

4. Gender, Science and Technology ਨਾਮਕ ਅੰਤਰਰਾਸ਼ਟਰੀ ਰਸਾਲੇ ਦੇ ਪਰਚੇ ਅਨੁਸਾਰ ICT ਵਰਗੇ ਆਧੁਨਿਕ ਕਿੱਤਿਆਂ ਵਿਚ ਵੀ ਔਰਤਾਂ ਨੂੰ ਘੱਟ ਤਨਖਾਹ, ਉੱਤੇ ਘੇਰ ਲਿਆ ਜਾਂਦਾ ਹੈ। ਔਰਤਾਂ ਕੰਮ ਵਾਲੀ ਥਾਂ ਉੱਤੇ ਆਪਣੀ ਸਥਿਤੀ ਨੂੰ ਸੁਧਾਰਨ ਲਈ ਇਮਾਰਤਸਾਜੀ ਵਰਗੇ ਕਿੱਤਿਆਂ ਵਿਚ ਆਪਣੀ ਕੁਸ਼ਲਤਾ ਨੂੰ ਵਰਤ ਸਕਦੀਆਂ ਹਨ।

**2.3.7.1 ਵਿਵਸਾਇਕ ਪੱਖਪਾਤ ਦੇ ਕਾਰਣ:**

1. ਮਰਦਾਂ ਤੇ ਔਰਤਾਂ ਦੀ ਸਿਖਿਆ ਵਿਚ ਅੰਤਰ/ਅਸੰਤੁਲਨ ਜਿਹੜਾ ਕਿ ਸਮਾਜ ਵਿਚ ਪੂਰਵ ਨਿਰਧਾਰਤ ਚਲਿਆ ਆ ਰਿਹਾ ਹੈ, ਇਸ ਪ੍ਰਤੀ ਰੂੜੀਵਾਦੀ ਰਵੱਈਆ, ਰੁਝਾਨ, ਰਿਵਾਜ ਵੀ ਜਿੰਮੇਵਾਰ ਹਨ। ਇਹ ਸਭ ਕੁਝ ਰਲਕੇ ਔਰਤਾਂ ਦੇ ਹੱਕਾਂ ਪ੍ਰਤੀ ਭੇਦਭਾਵ ਅਤੇ ਉਹਨਾਂ ਨੂੰ ਪੜਾਈ ਦੇ ਮੌਕਿਆਂ ਤੋਂ ਦੂਰ ਰੱਖਦਾ ਹੈ।

2. ਧਾਰਮਿਕ ਤੇ ਸਭਿਆਚਾਰਕ ਰਿਵਾਜ ਵੀ ਔਰਤ ਵਿਰੁੱਧ ਲੰਮੇ ਸਮੇਂ ਤੋਂ ਚੱਲੇ ਆ ਰਹੇ ਹਨ। Okojie (1995) ਤੇ Igbe (2007) ਨੇ ਕਿਹਾ ਕਿ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਔਰਤ ਪਰਮਾਤਮਾ ਦੀ ਕਮਜੋਰ ਰਚਨਾ ਹੈ, ਜਿਸ ਵਿਚ ਦਿਮਾਗ ਵੀ ਘੱਟ ਹੈ। ਧਰਮ ਦਾ ਪ੍ਰਭਾਵ ਰਾਜ ਦੇ ਉਪਰਲੇ ਸਿਰਿਆਂ ਉੱਤੇ ਵੀ ਵੇਖਿਆ ਜਾ ਸਕਦਾ ਹੈ (Mid West-Edo, Delta, Ondo and Kogi States) ਜਿਥੇ ਲੜਕੀਆਂ ਨੂੰ ਪਰਦੇ ਵਿਚ ਰੱਖਿਆ ਜਾਂਦਾ ਹੈ ਅਤੇ ਬਹੁਤ ਘੱਟ ਸਕੂਲ ਵਿਚ ਦਾਖਲ ਕਰਾਇਆ ਜਾਂਦਾ ਹੈ।

3. ਸੰਸਕ੍ਰਿਤਕ ਤੌਰ ਉਤੇ, ਇਹ ਆਸ ਕੀਤੀ ਜਾਂਦੀ ਹੈ ਕਿ ਲੜਕੀਆਂ ਦਾ ਵਿਆਹ ਜਲਦੀ ਉਮਰ ਵਿਚ ਕਰ ਦਿੱਤਾ ਜਾਵੇ ਤਾਂ ਕਿ ਉਹ ਆਪਣਾ ਸਮਾਂ ਬੱਚੇ ਪਾਲਣ ਨੂੰ ਲਗਾ ਸਕਣ। ਔਰਤਾਂ ਨੂੰ ਰਿਵਾਜ਼ ਅਨੁਸਾਰ ਘਰੇਲੂ ਕੰਮ, ਖੇਤੀਬਾੜੀ ਦਾ ਕੰਮ, ਪਾਣੀ ਢੋਣ ਦਾ ਕੰਮ, ਅਤੇ ਲੱਕੜਾਂ ਇਕੱਠੀਆਂ ਕਰਨ ਦਾ ਕੰਮ ਆਦਿ ਕਰਨੇ ਪੈਂਦੇ ਹਨ, ਜਿਸ ਕਰਕੇ ਸਕੂਲ ਵਿਚ ਇਹਨਾਂ ਨੂੰ ਬਹੁਤ ਘੱਟ ਦਾਖਲ ਕਰਾਇਆ ਜਾਂਦਾ ਹੈ।

4. ਘਰ ਦੇ ਕੰਮ ਦੀਆਂ ਜਿੰਮੇਵਾਰੀਆਂ ਲੜਕੀ ਨੂੰ ਸਕੂਲ ਵਿਚ ਦਾਖਲ ਹੋਣ ਤੋਂ ਰੋਕਦੀਆਂ ਹਨ। ਲੜਕੀਆਂ ਨੂੰ ਆਮ ਤੌਰ ਤੇ ਫਸਲਾਂ ਉਗਾਉਣ ਤੇ ਵਾਢੀ ਕਰਨ ਲਈ ਘਰ ਹੀ ਰੱਖਿਆ ਜਾਂਦਾ ਹੈ। ਸਿੱਟੇ ਵਜੋਂ, ਲੜਕੀਆਂ ਦੀ ਛੋਟੀ ਉਮਰ ਵਿਚ ਵਿਆਹ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ, ਤਾਂ ਜੋ ਖੇਤਾਂ ਲਈ ਮੁਫਤ ਮਜਦੂਰ ਮਿਲ ਸਕੇ।

5. ਬਦਕਿਸਮਤੀ ਨਾਲ, ਇਸ ਤਰ੍ਹਾਂ ਦੇ ਕਾਰਕਾਂ ਲਈ ਲੜਕੀਆਂ ਸਾਇੰਸ ਸਿੱਖਿਆ ਵਿਚ ਬਹੁਤ ਹੀ ਘੱਟ ਹਨ। (Okebukola, 1994) ਜਿਹੜੇ ਕਿੱਤੇ ਮਰਦਾਂ ਲਈ ਹਨ, ਉਹਨਾਂ ਵਿਚ ਔਰਤਾਂ ਦੇ ਕੰਮ ਕਰਨ ਦੀ ਸਖਤ ਮਨਾਹੀ ਹੈ।

6. ਜਿਹੜੀਆਂ ਔਰਤਾਂ ਅਜਿਹੇ ਕੰਮਾਂ ਨੂੰ ਕਰਦੀਆਂ ਹਨ। ਜਿਹੜੇ ਉਹਨਾਂ ਲਈ ਰਾਖਵੇਂ ਨਹੀਂ ਹਨ, ਉਹਨਾਂ ਦਾ ਵਿਆਹ ਕਰਨ ਵਿਚ ਵੀ ਮੁਸ਼ਕਲ ਆਉਂਦੀ ਹੈ। ਲਿੰਗ ਅਧਾਰਤ ਵਿਤਕਰੇ ਜਮਾਤ ਦੇ ਕਮਰੇ ਵਿਚ ਹੀ ਹੁੰਦੇ ਹਨ। ਜਿਥੇ ਲੜਕੀਆਂ ਤੋਂ ਗਣਿਤ ਤੇ ਵਿਗਿਆਨ ਵਿਚ ਚੰਗਾ ਕਰਨ ਦੀ ਆਸ ਕੀਤੀ ਜਾਂਦੀ ਹੈ, ਉਥੇ ਲੜਕੀਆਂ ਤੋਂ ਅਰਥ ਸ਼ਾਸਤਰ ਤੇ ਕੁਝ ਆਰਟ ਵਿਸ਼ਿਆਂ ਵਿਚ ਵਧੀਆ ਕਰਨ ਦੀ ਆਸ ਕੀਤੀ ਜਾਂਦੀ ਹੈ। (Nnachi,

2008) ਇਹਨਾਂ ਲੜਕੀਆਂ ਨੂੰ ਅਧਿਆਪਕਾਂ (ਖਾਸ ਕਰਕੇ ਪੁਰਸ਼ ਅਧਿਆਪਕ) ਵਲੋਂ ਵੀ ਇਹੀ ਵਿਵਹਾਰ ਮਿਲਦਾ ਹੈ ਕਿ ਵਿਗਿਆਨ ਲੜਕਿਆਂ ਲਈ ਹੈ, ਉਹ ਲੜਕੀਆਂ ਨੂੰ ਸਾਇੰਸ ਵਿਚ ਮਿਹਨਤ ਕਰਨ ਲਈ ਉਤਸ਼ਾਹਤ ਨਹੀਂ ਕਰਦੇ।

### 2.3.8 ਸਾਰਾਂਸ਼

ਸਿੱਟੇ ਵਜੋਂ, ਕਿਹਾ ਜਾ ਸਕਦਾ ਹੈ ਕਿ ਸਿੱਖਿਆ ਵਿਭਾਗ ਵੱਲੋਂ ਪਾਠ-ਯੋਜਨਾਵਾਂ ਬਣਾਈਆਂ ਹੋਣ ਕਰਕੇ ਐਲੀਮੈਂਟਰੀ ਤੇ ਹਾਈ ਸਕੂਲ ਦੇ ਅਧਿਆਪਕਾਂ ਨੂੰ ਪਾਠ-ਸਮੱਗਰੀ ਦੀ ਚੋਣ ਕਰਨ ਦੀ ਜਰੂਰਤ ਨਹੀਂ ਪੈਂਦੀ। ਉਹਨਾਂ ਨੂੰ ਵਿਭਾਗ ਨੂੰ ਹੀ ਮੰਨਣਾ ਪੈਂਦਾ ਹੈ। ਜੇਕਰ ਵਿਭਾਗ ਦਾ ਮੁਖੀ ਜਾਂ ਪ੍ਰਿੰਸੀਪਲ ਉਹਨਾਂ ਨੂੰ ਆਗਿਆ ਦੇ ਦੇਵੇ, ਤਾਂ ਉਹ ਪਾਠਾਂ ਦੀ ਲੋੜ ਅਨੁਸਾਰ ਸੁਧਾਈ ਕਰ ਸਕਦਾ ਹੈ। ਪਰੰਤੂ ਗੱਲ ਇਥੇ ਹੀ ਮੁੱਕਦੀ ਨਹੀਂ। ਸੂਖਮ ਤੇ ਦੀਰਘ ਪਾਠ ਯੋਜਨਾਵਾਂ ਲਈ ਵਿਸ਼ਾ-ਸਮੱਗਰੀ ਦੀ ਚੋਣ ਪਾਠਕ੍ਰਮ ਨੂੰ ਡਿਜਾਇਨ ਕਰਨ ਲਈ ਵਿਚਾਰ-ਅਧੀਨ ਹੈ।

### 2.3.9 ਮੁੱਖ ਸੰਕਲਪ

1. ਭਵਿੱਖ ਦੀਆਂ ਲੋੜਾਂ: ਵਿਦਿਆਰਥੀਆਂ ਨੂੰ ਭਵਿੱਖ ਦੀਆਂ ਚੁਣੋਤੀਆਂ ਅਤੇ ਮੌਕਿਆ ਲਈ ਤਿਆਰ ਕਰਨ ਲਈ ਲੋੜੀਦੇ ਵਿਦਿਅਕ ਲੋੜਾਂ ਅਤੇ ਸਮੱਗਰੀ ਦੇ ਸਮਾਯੋਜਨ।
2. ਹੁਨਰ ਵਿਕਾਸ ਪ੍ਰੋਗਰਾਮ: ਇਕ ਢਾਂਚਾਗਤ ਅਤੇ ਉਦੇਸ਼ਪੂਰਨ ਵਿਦਿਅਕ ਪ੍ਰੋਗਰਾਮ ਜੋ ਸਿਖਿਆਰਥੀਆਂ ਵਿਚ ਖਾਸ ਕਾਬਲੀਅਤਾਂ, ਯੋਗਤਾਵਾਂ ਅਤੇ ਵਿਹਾਰਕ ਮੁਹਾਰਤਾਂ ਨੂੰ ਯੋਜਨਾਬੱਧ ਢੰਗ ਨਾਲ ਵਧਾਉਣ ਅਤੇ ਪੈਦਾ ਕਰਨ ਲਈ ਤਿਆਰ ਕੀਤਾ ਗਿਆ ਹੈ।

### 2.3.10 ਸਵੈ ਮੁਲਾਂਕਣ ਅਭਿਆਸ

1) ............ ਦੇ ਨਾਲ ਪਾਠਕ੍ਰਮ ਦੇ ਏਕੀਕਰਨ ਵਿਚ ਸਿਖਿਆ ਨੂੰ ਉਭਰਦੀਆਂ ਉਦਯੋਗ ਦੀਆਂ ਮੰਗਾਂ ਨਾਲ ਜ਼ੋੜਨਾ ਸ਼ਾਮਲ ਹੈ।
2) ਹੁਨਰ ਵਿਕਾਸ ਪ੍ਰੋਗਰਾਮਾਂ ਦਾ ਉਦੇਸ਼ ਵਿਦਿਆਰਥੀਆਂ ਦੀਆਂ ਵਿਵਹਾਰਕ ..........ਨੂੰ ਵਧਾਉਦਾ ਹੈ ਅਤੇ ਇਹ ਯਕੀਨੀ ਬਣਾਉਦਾ ਹੈ ਕਿ ਉਹ ਸੰਬੰਧਿਤ ਯੋਗਤਾਵਾਂ ਹਾਸਲ ਕਰ ਲੈਣ।
3) ਏਕੀਕ੍ਰਿਤ ਪਹੁੰਚ ਅਕਾਦਮਿਕਤਾ ਅਤੇ ............ ਦੀਆਂ ਮੰਗਾਂ ਵਿਚਕਾਰ ਪਾੜੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਦੀ ਹੈ।
4) ਭਵਿਖ ਦੀਆਂ ਲੋੜਾਂ ਤੇ ਪਾਠਕ੍ਰਮ ਦਾ ਫੋਕਸ ਇਹ ਯਕੀਨੀ ਬਣਾਉਦਾ ਹੈ ਕਿ ਵਿਦਿਆਰਥੀ.........ਦੇ ਬਾਜ਼ਾਰਾਂ ਦੇ ਵਿਕਾਸ ਲਈ ਤਿਆਰ ਹਨ।
5) ਭਾਠਕ੍ਰਮ ਦੀ ਕਿੱਤਾ ਮੁਖੀ ਸਥਿਤੀ ਇਹ ਯਕੀਨੀ ਬਣਾਉਦੀ ਹੈ ਕਿ ਵਿਦਿਆਰਥੀ ............ਦੀਆਂ ਚੁਣੌਤੀਆਂ ਲਈ ਚੰਗੀ ਤਰ੍ਹਾਂ ਤਿਆਰ ਹਨ।

ਉਤਰ: 1. ਭਵਿੱਖ ਦੀਆਂ ਲੋੜਾਂ 2. ਯੋਗਤਾਵਾਂ 3. ਉਦਯੋਗ 4. ਨੌਕਰੀ 5. ਅਸਲ ਸੰਸਾਰ

### 2.3.11 ਸੁਝਾਏ ਪ੍ਰਸ਼ਨ

1) ਕਾਰਜ ਕੁਸ਼ਲਤਾ ਵਿਕਾਸ ਪ੍ਰੋਗਰਾਮ ਤੋਂ ਕੀ ਭਾਵ ਹੈ? ਇਸ ਦੀ ਲੋੜ ਅਤੇ ਮਹੱਤਤਾ ਬਾਰੇ ਚਰਚਾ ਕਰੋ।

2) ਸੰਖੇਪ ਨੋਟ ਲਿਖੋ (1) ਕਿੱਤਾ ਮੁੱਖੀ ਸਿੱਖਿਆ (2) ਭਵਿਖਵਾਨੀ ਪਾਠਕ੍ਰਮ ਦੀ ਲੋੜ

**2.3.**12 ਪ੍ਰਸਤਾਵਿਤ ਪੁਸਤਕਾਂ/ਪੜ੍ਹਨ–ਸਮੱਗਰੀ


1) Aurora, G.L. 1995. Child Centred Education - For Learning Without Burden. Gurgaon: Krishan Publishing Co.
2) National Council of Educational Research and Training 1988. National Curriculum for Elementary and Secondary Education: A Framework. New Delhi: NCERT
3) National Council of Educational Research and Training 2000. National Curriculum for School Education. New Delhi: NCERT
4) Saxena, K.P.C. (ed.) 1994, Human Rights-Perspective and challenges. New Delhi: Lancer Books.
5) Subramaniam, S. 1999. Human Rights : International Challenges, National Curriculum.
6) Goyal, Shalu (2016), Knowledge & Curriculum, 21st Century Publications.

ਪਾਠ ਨੰ. 2.4

ਲੇਖਕ : ਡਾ. ਮੰਜੂ ਸੂਦ
**Converted into SLM by: Dr. Amita**

Last updated on January, 2026

## ਉਪਵਿਸ਼ਾ-ਵਿਸ਼ੇਸ਼ ਬੱਚਿਆਂ ਲਈ ਪਾਠਕ੍ਰਮ
## ਉਦੇਸ਼ ਅਤੇ ਮਹੱਤਤਾ, ਪ੍ਰਤਿਭਾਸ਼ਾਲੀ, ਦ੍ਰਿਸ਼ਟੀ ਸੰਬੰਧੀ ਵਿਕਾਰਤਾ ਵਾਲੇ ਅਤੇ ਧੀਮੇ ਸਿਖਿਆਰਥੀਆਂ ਦੀਆਂ ਪਾਠਕ੍ਰਮ ਜਰੂਰਤਾਂ

2.4.1 ਪਾਠ ਦੇ ਉਦੇਸ਼
2.4.2 ਭੂਮਿਕਾ
2.4.3 ਧਾਰਨਾ
2.4.4 ਉਦੇਸ਼ ਅਤੇ ਮਹੱਤਵ
2.4.5**A** ਪ੍ਰਤਿਭਾਸ਼ਾਲੀ ਬੱਚਿਆਂ ਦੀ ਪਾਠਕ੍ਰਮ ਜਰੂਰਤਾਂ
2.4.5**B** ਦ੍ਰਿਸ਼ਟੀ ਸੰਬੰਧੀ ਵਿਕਾਰਤਾ ਵਾਲੇ ਬੱਚਿਆਂ ਦੀਆਂ ਪਾਠਕ੍ਰਮ ਜਰੂਰਤਾਂ
2.4.5**C** ਧੀਮੇ ਸਿਖਿਆਰਥੀਆਂ ਦੀਆਂ ਪਾਠਕ੍ਰਮ ਜਰੂਰਤਾਂ
2.4.6 ਸਾਰਾਂਸ਼
2.4.7 ਮੁੱਖ ਸੰਕਲਪ
2.4.8 ਸਵੈ-ਚੈੱਕ ਅਭਿਆਸ
2.4.9 ਸੁਝਾਏ ਗਏ ਪ੍ਰਸ਼ਨ
2.4.10 ਸੁਝਾਈ ਗਈਆਂ ਪੜ੍ਹਤਾਂ ਅਤੇ ਵੈੱਬ ਸਾਧਨ

### 2.4.1 ਉਦੇਸ਼ :

ਇਸ ਪਾਠ ਦੇ ਮੁੱਖ ਉਦੇਸ਼ ਹਨ :

1. ਖਾਸ ਜਰੂਰਤਾਂ ਵਾਲੇ ਬੱਚਿਆਂ ਦਾ ਅਰਥ ਲਿਖਣਾ
2. ਖਾਸ ਜਰੂਰਤਾਂ ਵਾਲੇ ਬੱਚਿਆਂ ਦੀ ਧਾਰਨਾ ਦੀ ਵਿਆਖਿਆ ਕਰਨੀ।
3. ਖਾਸ ਜਰੂਰਤਾਂ ਵਾਲੇ ਬੱਚਿਆਂ ਦੀ ਪਾਠਕ੍ਰਮ ਦੀ ਮਹੱਤਤਾ ਅਤੇ ਉਦੇਸ਼ ਦੀ ਵਿਆਖਿਆ ਕਰਨੀ।
4. ਪ੍ਰਤਿਭਾਸ਼ਾਲੀ ਦ੍ਰਿਸ਼ਟੀ ਸੰਬੰਧੀ ਵਿਕਾਰਤਾ ਵਾਲੇ ਅਤੇ ਧੀਮੇ ਸਿਖਿਆਰਥੀਆਂ ਦੀਆਂ ਜਰੂਰਤਾਂ ਦੀ ਵਿਆਖਿਆ ਕਰਨੀ।

### 2.4.2 ਭੂਮਿਕਾ

ਹਰੇਕ ਵਿਅਕਤੀ ਇਕ-ਦੂਜੇ ਤੋਂ ਕਾਫ਼ੀ ਢੰਗਾਂ ਰਾਹੀਂ ਅਲੱਗ ਹੁੰਦਾ ਹੈ। ਇਹ ਅੰਤਰ ਸਰੀਰਕ, ਬੌਧਿਕ, ਸਮਾਜਿਕ, ਭਾਵਾਤਮਿਕ, ਸੰਸਕ੍ਰਿਤਕ ਆਦਿ ਹੋ ਸਕਦਾ ਹੈ, ਜਦੋਂ ਅਸੀਂ ਇਸਨੂੰ ਸਿੱਖਿਆ ਤੇ ਲਾਗੂ ਕਰਦੇ ਹਾਂ, ਬੱਚੇ ਆਪਣੇ ਟੈਲੈਂਟ ਵਿਚ ਇਕ-ਦੂਜੇ ਤੋਂ ਵੱਖਰੇ ਹੁੰਦੇ ਹਨ। ਉਹ ਬੱਚੇ, ਜਿਨ੍ਹਾਂ ਵਿੱਚ ਔਸਤ ਨਾਲੋਂ ਕੁਝ ਜਿਆਦਾ ਅੰਤਰ ਹੁੰਦਾ ਹੈ, ਉਹਨਾਂ ਨੂੰ ਅਸਾਧਾਰਨ ਬੱਚੇ ਕਿਹਾ ਜਾਂਦਾ ਹੈ। ਆਸਾਧਾਰਨ ਬੱਚੇ ਜਾਂ 'ਖਾਸ ਜਰੂਰਤਾਂ ਵਾਲੇ ਬੱਚੇ' ਉਹ ਬੱਚੇ ਹਨ,

ਜਿਨ੍ਹਾਂ ਦੀਆਂ ਜਰੂਰਤਾਂ ਸਮਾਜ ਦੇ ਹੋਰ ਜਿਆਦਾਤਰ ਬੱਚਿਆਂ ਦੀਆਂ ਜਰੂਰਤਾਂ ਤੋਂ ਵੱਖਰੀਆਂ ਹੁੰਦੀਆਂ ਹਨ। ਉਹ ਔਸਤ ਬੱਚਿਆਂ ਤੋਂ ਇਸ ਹੱਦ ਤੱਕ ਵੱਖਰੇ ਹੁੰਦੇ ਹਨ ਕਿ ਉਹ ਆਮ ਬੱਚਿਆਂ ਦੀ ਤਰ੍ਹਾਂ ਸਕੂਲਾਂ ਵਿੱਚ ਜਮਾਤ ਵਿਚਲੇ ਨਿਰਦੇਸ਼ਾਂ ਨੂੰ ਪ੍ਰਾਪਤ ਨਹੀਂ ਕਰ ਸਕਦੇ। ਅਸਾਧਾਰਨ ਬੱਚਿਆਂ ਦੇ ਇੱਕ ਖਾਸ ਸਮੂਹ ਵਿਚ ਵੀ ਵਖਰੇਵੇਂ ਹੁੰਦੇ ਹਨ। ਇਸ ਤਰ੍ਹਾਂ ਖਾਸ ਜਰੂਰਤਾਂ ਵਾਲੇ ਬੱਚਿਆਂ ਨੂੰ ਅਸੀ ਇਸ ਤਰ੍ਹਾਂ ਪਰਿਭਾਸ਼ਿਤ ਕਰਦੇ ਹਾਂ ਕਿ ਉਹ ਬੱਚੇ, ਜੋ ਆਮ ਬੱਚਿਆਂ ਤੋਂ ਸ਼ਰੀਰਕ ਅਤੇ ਮਨੋਵਿਗਿਆਨਿਕ ਤੌਰ ਤੇ ਇਸ ਹੱਦ ਤੱਕ ਵੱਖਰੇ ਹੁੰਦੇ ਹਨ ਕਿ ਪਰੰਪਰਾਗਤ ਸਕੂਲ ਕਾਰਜਕ੍ਰਮ ਉਹਨਾਂ ਦੀ ਸ਼ਖਸ਼ੀਅਤ ਦਾ ਬਹੁਪੱਖੀ ਵਿਕਾਸ ਨਹੀਂ ਕਰ ਸਕਦੇ। ਇਸ ਲਈ ਉਹਨਾਂ ਨੂੰ ਖਾਸ ਧਿਆਨ ਦੀ ਲੋੜ ਹੁੰਦੀ ਹੈ ਅਤੇ ਆਪਣੀ ਯੋਗਤਾ ਦੇ ਅਨੁਸਾਰ ਵਾਧਾ ਕਰਨ ਲਈ ਵਿਸ਼ੇਸ਼ ਸਿੱਖਿਆ ਦੀ ਲੋੜ ਹੁੰਦੀ ਹੈ। ਵਿਸ਼ੇਸ਼ ਸਿੱਖਿਆ ਅਜਿਹੇ ਬੱਚਿਆਂ ਦੀਆਂ ਜਰੂਰਤਾਂ ਨੂੰ ਹੀ ਪੂਰਾ ਕਰਦੀ ਹੈ। ਵਿਸ਼ੇਸ਼ ਸਿੱਖਿਆ ਕੁਝ ਵਿਸ਼ੇਸ਼ ਹੁੰਦੀ ਹੈ – ਵਿਸ਼ੇਸ਼ ਪਾਠਕ੍ਰਮ, ਵਿਸ਼ੇਸ਼ ਸਾਜੋ-ਸਾਮਾਨ, ਵਿਸ਼ੇਸ਼ ਸਿਖਲਾਈ, ਵਿਸ਼ੇਸ਼ ਤਕਨੀਕ, ਵਿਸ਼ੇਸ਼ ਮਦਦ ਅਤੇ ਵਿਸ਼ੇਸ਼ ਸੁਵਿਧਾਵਾਂ ਜੋਕਿ ਅਜਿਹੇ ਬੱਚਿਆਂ ਲਈ ਜਰੂਰੀ ਹਨ।

### 2.4.3 ਧਾਰਨਾ :

**ਪਾਠਕ੍ਰਮ ਦੀ ਪਰਿਭਾਸ਼ਾ :**

ਪਾਠਕ੍ਰਮ ਸਕੂਲ ਵਿਚ ਪੜ੍ਹਾਇਆ ਜਾਣ ਵਾਲਾ ਕੋਰਸ ਹੈ। ਇਹ ਇੱਕ ਦਸਤਾਵੇਜ ਹੈ, ਜਿਸ ਵਿਚ ਅਜਿਹਾ ਡਿਜ਼ਾਈਨ ਹੁੰਦਾ ਹੈ ਜਿਸਨੂੰ ਦੂਜੇ ਵਿਕਸਿਤ ਕਰਦੇ ਹਨ ਅਤੇ ਅਧਿਆਪਕ ਇਸਨੂੰ ਜਮਾਤ ਵਿਚ ਲਾਗੂ ਕਰਦੇ ਹਨ।

ਪੈਟਨ ਅਤੇ ਹੂਵਰ ਦੇ ਅਨੁਸਾਰ 'ਪਾਠਕ੍ਰਮ' ਚੰਗੇ ਸਿੱਖਣ ਨਤੀਜਿਆਂ ਨਾਲ ਸਕੂਲ ਦੇ ਨਿਰਦੇਸ਼ਾਂ ਦੁਆਰਾ ਇੱਕ ਯੋਜਨਾਬੱਧ ਅਤੇ ਅਗਵਾਈਕ੍ਰਿਤ ਸਿੱਖਣ ਤਜ਼ਰਬਾ ਹੈ।

ਆਰਮਸਟਰੋਂਗ ਦੇ ਅਨੁਸਾਰ (1990), ''ਇਹ ਸਿਖਿਆਰਥੀਆਂ ਦੇ ਵਿਵਹਾਰ ਅਤੇ ਅੰਤਰਦ੍ਰਿਸ਼ਟੀ ਨੂੰ ਬਦਲਣ ਅਤੇ ਵਿਕਸਿਤ ਕਰਨ ਦੇ ਉਦੇਸ਼ ਨਾਲ ਸੰਗਠਿਤ ਕੀਤਾ ਗਿਆ ਸਿੱਖਣ ਤਜ਼ਰਬਾ ਹੁੰਦਾ ਹੈ। ਇਹ ਵਿਸ਼ੇ ਦੀ ਚੋਣ ਕਰਨ ਦਾ ਮਾਸਟਰ ਪਲਾਨ ਵੀ ਹੈ।''

### 2.4.4 ਉਦੇਸ਼ ਅਤੇ ਮਹੱਤਵ :

ਖਾਸ ਬੱਚਿਆਂ ਦੇ ਪਾਠਕ੍ਰਮ-ਨਿਰਮਾਣ ਵਿਚ ਸਭ ਤੋਂ ਮੁੱਖ ਧਿਆਨ ਉਹਨਾਂ ਵਿਦਿਆਰਥੀਆਂ ਦੀਆਂ ਜਰੂਰਤਾਂ ਦੇ ਕਾਰਜਕਾਰਤਾ ਕਾਰਨ ਹੁੰਦਾ ਹੈ। ਇਸਦਾ ਭਾਵ ਇਹ ਹੈ ਕਿ ਵਿਦਿਆਰਥੀਆਂ ਲਈ ਅਜਿਹਾ ਪਾਠਕ੍ਰਮ ਬਣਾਉਣਾ ਤਾਂਕਿ ਉਹ ਆਪਣੇ ਆਪ ਨੂੰ ਉਸ ਵਾਤਾਵਰਨ ਲਈ ਤਿਆਰ ਕਰ ਸਕਣ ਜਿਸ ਵਿਚ ਉਹਨਾਂ ਨੂੰ ਰਹਿਣਾ, ਕੰਮ ਕਰਨਾ ਅਤੇ ਸਿੱਖਣਾ ਪੈਂਦਾ ਹੈ। ਇਸ ਰਾਹੀਂ ਇਹ ਵੀ ਪੱਕਾ ਕੀਤਾ ਜਾਂਦਾ ਹੈ ਕਿ ਕਿਵੇਂ ਇੱਕ ਖਾਸ ਜਰੂਰਤਾਂ ਵਾਲੇ ਬੱਚੇ ਦੀ ਜਰੂਰਤ ਸਧਾਰਨ ਸਿੱਖਿਆ ਦਾ ਪਾਠਕ੍ਰਮ ਪੂਰੀ ਕਰ ਸਕਦਾ ਹੈ। ਅਜਿਹੇ ਵਿਦਿਆਰਥੀਆਂ ਲਈ ਪਾਠਕ੍ਰਮ ਵਿਚ ਬਦਲਾਅ ਵੀ ਕਾਫ਼ੀ ਜਰੂਰੀ ਹੈ। ਕਿਉਂਕਿ ਹਰੇਕ ਵਿਕਲਾਂਗ ਦੀ ਆਪਣੀ ਇਕ ਸਿੱਖਣ ਸਮਸਿਆ ਹੁੰਦੀ ਹੈ। ਉਦਾਹਰਨ ਲਈ ਇੱਕ ਦ੍ਰਿਸ਼ਟੀ ਤੋਂ ਵਿਕਲਾਂਗ ਬੱਚੇ ਲਈ ਵਿਗਿਆਨ ਦਾ ਪ੍ਰੈਕਟੀਕਲ ਕਰਨਾ ਅਤੇ ਇੱਕ ਬੋਲੇ ਬੱਚੇ ਲਈ ਵੱਖ-ਵੱਖ ਭਾਸ਼ਾਵਾਂ ਦਾ ਗਿਆਨ ਹਾਸਲ ਕਰਨਾ। ਖਾਸ ਬੱਚਿਆਂ ਲਈ ਅਜਿਹੇ ਕੋਰਸਾਂ ਨੂੰ ਸਿਖਿਆ ਵਿਚ ਸਮਾਯੋਜਿਤ ਕਰਨ ਦੀ ਲੋੜ ਹੈ। ਐਨ.ਸੀ. ਈ. ਆਰ.ਟੀ. ਅਜਿਹੇ ਬੱਚਿਆਂ ਦੀ ਸਿਖਿਆ ਲਈ ਖਾਸ ਕਦਮ ਚੁੱਕ ਰਹੀ ਹੈ। ਉਹ ਉਹਨਾਂ ਲਈ ਵਿਸ਼ੇਸ਼ ਪਾਠਕ੍ਰਮ ਤਿਆਰ ਕਰਦੀ ਹੈ ਤੇ ਅਜਿਹੇ ਬੱਚਿਆਂ ਨੂੰ ਪੜ੍ਹਾਉਣ ਲਈ ਪਾਠਕ੍ਰਮ ਗਾਈਡਾਂ ਅਤੇ ਅਧਿਆਪਕਾਂ ਲਈ ਹੈਂਡਬੁਕਸ ਵੀ ਸਪਲਾਈ ਕਰਦੀ ਹੈ। ਖਾਸ ਬੱਚਿਆਂ ਵਿੱਚ ਪ੍ਰਤਿਭਾਸ਼ਾਲੀ ਬੱਚੇ, ਦ੍ਰਿਸ਼ਟੀ ਸੰਬੰਧੀ ਵਿਕਾਰਤਾ ਵਾਲੇ ਬੱਚੇ, ਧੀਮੇ ਸਿਖਿਆਰਥੀ ਅਤੇ ਵਿਕਲਾਂਗ ਬੱਚੇ ਵੀ ਸ਼ਾਮਿਲ ਹੁੰਦੇ ਹਨ। ਇਸ ਪਾਠ ਵਿਚ ਅਸੀ ਪ੍ਰਤਿਭਾਸ਼ਾਲੀ ਬੱਚਿਆਂ ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਅਤੇ ਧੀਮੇ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ ਦੇ ਆਧਾਰ 'ਤੇ ਉਹਨਾਂ ਦੀਆਂ ਪਾਠਕ੍ਰਮ ਜਰੂਰਤਾਂ 'ਤੇ ਵਿਚਾਰ ਕਰਾਂਗੇ।

**ਛੋਟੇ ਪ੍ਰਸ਼ਨ :**

1. ਵਿਸ਼ੇਸ਼ ਬੱਚੇ ਕੌਣ ਹੁੰਦੇ ਹਨ ?
2. 'ਪਾਠਕ੍ਰਮ' ਨੂੰ ਪਰਿਭਾਸ਼ਿਤ ਕਰੋ।
3. ਖਾਸ ਬੱਚਿਆਂ ਦੀਆਂ ਪਾਠਕ੍ਰਮ ਜਰੂਰਤਾਂ ਸਧਾਰਨ ਬੱਚਿਆਂ ਦੀਆਂ ਪਾਠਕ੍ਰਮ ਜਰੂਰਤਾਂ ਨਾਲੋਂ ਵੱਖਰੀਆਂ ਕਿਉਂ ਹੁੰਦੀਆਂ ਹਨ ?

### 2.4.5A ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਪਾਠਕ੍ਰਮ ਜਰੂਰਤਾਂ

**2.4.5.A.1 ਪ੍ਰਤਿਭਾਸ਼ਾਲੀ ਬੱਚਿਆਂ ਦੀ ਪਰਿਭਾਸ਼ਾ :**

*ਪ੍ਰਤਿਭਾਸ਼ਾਲੀ ਬੱਚੇ ਖਾਸ ਕਿਸਮ ਦੇ ਬੱਚਿਆਂ ਦੀ ਇੱਕ ਅਜਿਹੀ ਕਿਸਮ ਹੈ, ਜਿਹਨਾਂ ਦੀਆਂ ਪਾਠਕ੍ਰਮ ਜਰੂਰਤਾਂ ਸਾਧਾਰਨ ਬੱਚਿਆਂ ਤੋਂ ਵੱਖਰੀ ਹੁੰਦੀ ਹੈ। ਉਹਨਾਂ ਨੂੰ ਆਪਣੀਆਂ ਜਰੂਰਤਾਂ, ਯੋਗਤਾਵਾਂ, ਰੁਚੀਆਂ ਅਤੇ ਵਿਸ਼ੇਸ਼ਤਾਵਾਂ ਦੇ ਅਨੁਸਾਰ ਇੱਕ ਵੱਖਰੇ ਪਾਠਕ੍ਰਮ ਦੀ ਲੋੜ ਪੈਂਦੀ ਹੈ। ਪ੍ਰਤਿਭਾਸ਼ਾਲੀ ਬੱਚਿਆਂ ਬਾਰੇ ਅਨੁਮਾਨ ਲਗਾਉਣਾ ਕਾਫ਼ੀ ਔਖਾ ਹੁੰਦਾ ਹੈ ਕਿਉਂਕਿ ਉਹਨਾਂ ਦੀਆਂ ਵਿਸ਼ੇਸ਼ਤਾਵਾਂ ਅਤੇ ਜਰੂਰਤਾਂ ਨਿਜੀ ਅਤੇ ਅਲਗ ਜਿਹੀਆਂ ਹੁੰਦੀਆਂ ਹਨ। ਉਹਨਾਂ ਨੂੰ ਵਿਚਾਰ ਬਹੁਤ ਜਲਦੀ ਸੁੱਝਦੇ ਹਨ, ਉਹ ਬਹੁਤ ਤੇਜੀ ਨਾਲ ਯਾਦ ਕਰ ਲੈਂਦੇ ਹਨ ਅਤੇ ਆਪਣੇ ਸਾਥੀਆਂ ਨਾਲੋਂ ਰੁਚੀਆਂ ਵੀ ਵੱਖਰੀਆਂ ਰੱਖਦੇ ਹਨ। ਪ੍ਰਤਿਭਾਸ਼ਾਲੀ ਬੱਚੇ ਜਿਆਦਾਤਰ ਪੂਰੇ ਸਮੇਂ ਦੀਆਂ ਜਮਾਤਾਂ, ਕਾਰਜਕ੍ਰਮਾਂ, ਸਾਧਨ ਜਮਾਤਾਂ, ਪ੍ਰਤੀਦਿਨ ਜਮਾਤਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਸੈਟਿੰਗਸ ਵਿਚ ਮਿਲਦੇ ਹਨ। ਉਹਨਾਂ ਲਈ ਇੱਕ ਵੱਖਰਾ ਪਾਠਕ੍ਰਮ ਡਿਜ਼ਾਈਨ ਕੀਤਾ ਜਾਣਾ ਚਾਹੀਦਾ ਹੈ ਜੋ ਕਿ ਉਹਨਾਂ ਦੀਆਂ ਵਿਸ਼ੇਸ਼ਤਾਵਾਂ, ਜਰੂਰਤਾਂ, ਯੋਗਤਾਵਾਂ ਅਤੇ ਰੁਚੀਆਂ ਦੇ ਅਨੁਸਾਰ ਹੋਵੇ ਭਾਵੇਂ ਉਹ ਸਿੱਖਿਆ ਜਿੱਥੋ ਚਾਹੇ ਪ੍ਰਾਪਤ ਕਰ ਰਹੇ ਹੋਣ।*

**2.4.5.A.2 ਪ੍ਰਤਿਭਾਸ਼ਾਲੀ ਬੱਚਿਆਂ ਦੀ ਪਛਾਣ :**

*ਇਹਨਾਂ ਬੱਚਿਆਂ ਨੂੰ ਇਸ ਪ੍ਰਕਾਰ ਪਛਾਣਿਆ ਜਾ ਸਕਦਾ ਹੈ ਕਿ ਉਹ ਤੇਜੀ ਨਾਲ ਅਤੇ ਆਸਾਨੀ ਨਾਲ ਸਿੱਖਦੇ ਹਨ, ਆਪਣੀ ਬੁੱਧੀ ਅਤੇ ਪ੍ਰੈਕਟੀਕਲ ਗਿਆਨ ਦਾ ਪ੍ਰਯੋਗ ਉਹ ਚੰਗਾ ਸੋਚਣ ਅਤੇ ਗੁੰਝਲ ਵਸਤਾਂ ਨੂੰ ਪਛਾਣਨ, ਚੰਗੀ ਯਾਦਦਾਸ਼ਤ ਅਤੇ ਰੱਟੇ ਦੀ ਪ੍ਰਵਿਰਤੀ ਦਾ ਘੱਟ ਹੋਣਾ, ਆਮ ਗਿਆਨ ਦਾ ਬਹੁਤ ਜਿਆਦਾ ਹੋਣਾ, ਭਾਸ਼ਾ ਵਿਚ ਚੰਗੇ ਹੋਣਾ, ਔਖੇ ਮਾਨਸਿਕ ਕੰਮਾਂ ਨੂੰ ਕਰਨਾ ਅਤੇ ਉਤਸੁਕਤਾ ਦੇ ਨਾਲ ਕਰਨਾ। ਇਹਨਾਂ ਗੁਣਾਂ ਤੋਂ ਅਲਾਵਾ, ਅਧਿਆਪਕ ਮਨੋਵਿਗਿਆਨਿਕ ਪ੍ਰੀਖਣਾਂ, ਮਾਪਿਆਂ ਅਤੇ ਸਾਥੀਆਂ ਦੀ ਰਿਪੋਰਟਾਂ, ਪ੍ਰਤਿਭਾਸ਼ਾਲੀ ਬੱਚਿਆਂ ਦੀ ਸਵੈ-ਵਿਸ਼ਲੇਸ਼ਣ ਰਾਹੀਂ ਪਛਾਣਿਆ ਜਾ ਸਕਦਾ ਹੈ।*

**2.4.5.A.3 ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ :**

*ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :*

- ***ਬੋਧਿਕ ਵਿਸ਼ੇਸ਼ਤਾਵਾਂ** : ਇਸ ਵਿਚ ਸੰਗਠਿਤ ਕਰਨ, ਵਿਸ਼ਲੇਸ਼ਿਤ ਕਰਨ, ਯਾਦ ਰੱਖਣ ਅਤੇ ਅਜਿਹੀਆਂ ਹੋਰ ਯੋਗਤਾਵਾਂ ਸ਼ਾਮਿਲ ਹਨ। ਪ੍ਰਤਿਭਾਸ਼ਾਲੀ ਬੱਚਿਆਂ ਦੀ ਸਾਧਾਰਨ ਗਿਆਨ, ਬੁੱਧੀ ਅੰਕ ਜਿਆਦਾ, ਚੰਗੀ ਸੂਖਮ ਸੋਚ, ਅਮੀਰ ਸ਼ਬਦਾਵਲੀ ਅਤੇ ਸਾਫ ਅਤੇ ਸ਼ੁੱਧ ਪ੍ਰਗਟਾਵਾ ਹੁੰਦਾ ਹੈ।*
- ***ਸ਼ਰੀਰਕ ਵਿਸ਼ੇਸ਼ਤਾਵਾਂ** : ਪ੍ਰਤਿਭਾਸ਼ਾਲੀ ਬੱਚਿਆਂ ਦਾ ਭਾਰ, ਅੱਖ ਦੀ ਨਜ਼ਰ, ਬੋਲਣ ਦਾ ਢੰਗ ਬਹੁਤ ਵਧੀਆ ਹੁੰਦਾ ਹੈ। ਉਹ ਦੇਖਣ ਵਿਚ ਲੰਬੇ, ਮਜਬੂਤ ਅਤੇ ਬਹੁਤ ਜਿਆਦਾ ਉਤਸ਼ਾਹੀ ਹੁੰਦੇ ਹਨ।*
- ***ਸਿੱਖਿਅਕ ਅਤੇ ਕਿੱਤਾਕਾਰੀ ਵਿਸ਼ੇਸ਼ਤਾਵਾਂ** : ਪ੍ਰਤਿਭਾਸ਼ਾਲੀ ਬੱਚੇ ਪੜ੍ਹਨ ਵਿਚ ਅਗਾਂਹਵਧੂ ਅਤੇ ਆਪਣੇ ਸਾਥੀਆਂ ਤੋਂ ਹਮੇਸ਼ਾ ਵਧੀਆ ਹੁੰਦੇ ਹਨ ਅਤੇ ਆਪਣੇ ਕਿੱਤੇ ਵਿੱਚ ਉਹ ਔਸਤ ਤੋਂ ਵੱਧ ਬੋਧਿਕ ਯੋਗਤਾ, ਸਿਰਜਨਾਤਮਿਕਤਾ ਅਤੇ ਪ੍ਰੇਰਨਾ ਲੈ ਕੇ ਦਾਖਲ ਹੁੰਦੇ ਹਨ।*
- ***ਸਾਮਾਜਿਕ ਵਿਸ਼ੇਸ਼ਤਾਵਾਂ** :- ਪ੍ਰਤਿਭਾਸ਼ਾਲੀ ਬੱਚੇ ਸਮਾਜ ਵਿਚ ਚੰਗੀ ਤਰ੍ਹਾਂ ਸਮਾਯੋਜਿਤ ਹੁੰਦੇ ਹਨ। ਉਹਨਾਂ ਵਿਚ ਸਮਾਜਿਕ ਨੇਤਰਤਵ ਦੀ ਭਾਵਨਾ ਹੁੰਦੀ ਹੈ। ਉਹਨਾਂ ਵਿਚ ਚੰਗੀ ਹਾਸ-ਰਸ ਦੀ ਰੁਚੀ, ਪਹਿਲ ਕਦਮੀ ਕਰਨੀ, ਨਜ਼ਾਕਤ ਅਤੇ ਦੂਜਿਆਂ ਦੇ ਨਾਲ ਰਹਿਣ ਦੀ ਭਾਵਨਾ ਹੁੰਦੀ ਹੈ।*
- ***ਨੈਤਿਕ ਵਿਸ਼ੇਸ਼ਤਾਵਾਂ** : ਉਹ ਭਾਵਾਤਮਿਕ ਤੌਰ ਤੇ ਸਥਿਰ ਹੁੰਦੇ ਹਨ। ਉਹਨਾਂ ਵਿਚ ਭਾਵਾਤਮਿਕ ਪ੍ਰੋੜਤਾ ਹੁੰਦੀ ਹੈ। ਉਹਨਾਂ ਮਾਨਸਿਕ ਬੀਮਾਰੀਆਂ ਨਹੀਂ ਹੁੰਦੀਆਂ ਭਾਵ ਉਹ ਸਵੈ-ਨਿਰਭਰ ਹੁੰਦੇ ਹਨ ਅਤੇ ਦੂਸਰਿਆਂ ਨਾਲ ਉਹਨਾਂ ਦੇ ਦਵੰਦ ਵੀ ਘੱਟ ਤੋਂ ਘੱਟ ਹੁੰਦੇ ਹਨ।*
- ***ਸ਼ਖਸ਼ੀਅਤ ਦੀਆਂ ਵਿਸ਼ੇਸ਼ਤਾਵਾਂ** : ਪ੍ਰਤਿਭਾਸ਼ਾਲੀ ਬੱਚੇ ਦ੍ਰਿੜ, ਆਤਮ-ਵਿਸ਼ਵਾਸ਼ੀ, ਜਿਗਆਸੂ, ਆਪਣੇ ਆਪ ਨੂੰ ਸਮਾਯੋਜਿਤ ਕਰਨ ਵਾਲੇ ਸੂਖਮ ਅਤੇ ਸਥੂਲ ਪੜ੍ਹਾਈ ਕਰਨ ਵਾਲੇ ਅਤੇ ਹੋਰ ਬਹੁਤ ਸਾਰੀਆਂ ਚੰਗੀਆਂ ਰੁਚੀਆਂ ਦੇ ਮਾਲਕ ਹੁੰਦੇ ਹਨ।*

**2.4.5.A.4. ਪ੍ਰਤਿਭਾਸ਼ਾਲੀ ਬੱਚਿਆਂ ਲਈ ਇਕ ਪ੍ਰਭਾਵਸ਼ਾਲੀ ਪਾਠਕ੍ਰਮ ਬਣਾਉਣਾ :**

ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਮੁੱਢਲੀਆਂ ਜਰੂਰਤਾਂ ਨੂੰ ਪੂਰਾ ਕਰਨ ਲਈ ਇੱਕ ਪ੍ਰਭਾਵਸ਼ਾਲੀ ਪਾਠਕ੍ਰਮ ਦਾ ਨਿਰਮਾਣ ਕਰਨਾ ਬਹੁਤ ਜਰੂਰੀ ਹੈ। ਪ੍ਰਤਿਭਾਸ਼ਾਲੀ ਬੱਚਿਆਂ ਦੀ ਇਕ ਸਮੂਹ ਦੇ ਤੌਰ 'ਤੇ ਇਹ ਵਿਸ਼ੇਸ਼ਤਾ ਹੈ ਕਿ ਉਹ ਬਹੁਤ ਤੇਜੀ ਨਾਲ ਨਵੇਂ-ਨਵੇਂ ਵਿਚਾਰ ਦਿੰਦੇ ਹਨ, ਤੇਜੀ ਨਾਲ ਸਿਖਦੇ ਹਨ ਅਤੇ ਆਪਣੇ ਸਾਥੀਆਂ ਨਾਲੋਂ ਵੱਖ-ਵੱਖ ਤਰ੍ਹਾਂ ਦੇ ਸ਼ੌਕ ਰੱਖਦੇ ਹਨ। ਉਹ ਅਣਜੁੜੀਆਂ ਧਾਰਨਾਵਾਂ ਬਾਰੇ ਨਵੇਂ-ਨਵੇਂ ਵਿਚਾਰ ਦਿੰਦੇ ਹਨ ਅਤੇ ਉਤੇਜਕ ਪ੍ਰਸ਼ਨ ਵੀ ਪੁੱਛਦੇ ਹਨ।

ਇਹਨਾਂ ਵਿਸ਼ੇਸ਼ਤਾਵਾਂ 'ਤੇ ਆਧਾਰਿਤ ਪ੍ਰੋਗਰਾਮ ਗੁਣਾਤਮਕ ਪੱਖੋਂ ਬੇਸਿਕ ਪਾਠਕ੍ਰਮ ਤੋਂ ਵੱਖਰਾ ਹੁੰਦਾ ਹੈ। ਇਹ ਸਮੱਗਰੀ ਵਿਚ ਬਦਲਾਅ, ਪ੍ਰਕ੍ਰਿਆ ਵਿਚ ਬਦਲਾਅ ਵਾਤਾਵਰਨ ਵਿਚ ਬਦਲਾਅ ਅਤੇ ਉਤਪਾਦ ਵਿਚ ਬਦਲਾਅ ਦੇ ਸਿੱਟੇ ਵਜੋਂ ਹੁੰਦਾ ਹੈ। (Maker, 1982)

**(ੳ) ਸਮੱਗਰੀ ਵਿਚ ਬਦਲਾਅ** : ਸਮੱਗਰੀ ਅਤੇ ਨਾਲ ਦੀ ਨਾਲ ਸਿੱਖਣ ਤਜ਼ਰਬਿਆਂ ਵਿਚ ਬਦਲਾਅ ਸੰਕੁਚਿਤ ਕਰਕੇ, ਪੁਨਰ ਸੰਗਠਿਤ ਕਰਕੇ, ਲਚਕਦਾਰ ਪੇਸਿੰਗ ਦੁਆਰਾ ਅਤੇ ਹੋਰ ਆਧੁਨਿਕ ਧਾਰਨਾਵਾਂ, ਚੀਜਾਂ ਅਤੇ ਸਮੱਗਰੀ ਦੇ ਪ੍ਰਯੋਗ ਦੁਆਰਾ ਕੀਤਾ ਜਾ ਸਕਦਾ ਹੈ।

1. ਜਦੋਂ ਸੰਭਵ ਹੋਵੇ ਵਿਦਿਆਰਥੀਆਂ ਨੂੰ ਆਪਣੀ ਗਤੀ ਦੇ ਨਾਲ ਉਹਨਾਂ ਦੀ ਸਮੱਗਰੀ ਖੇਤਰ ਵੱਲ ਜਾਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਹੈ।
2. ਉਹ ਇਕ-ਵਿਸ਼ੇ ਨਾਲੋਂ ਏਕੀਕ੍ਰਿਤ, ਵਿਸ਼ੇਗਤ ਅਤੇ ਵਿਆਪਕ ਆਧਾਰ ਵਾਲੇ ਵਿਸ਼ਿਆਂ ਨਾਲ ਜਲਦੀ ਸਿਖਦੇ ਹਨ। ਇਹ ਉਹਨਾਂ ਦੀ ਇਕ ਸਿਖਣ ਵਿਸ਼ੇਸ਼ਤਾ ਹੈ।
3. ਉਹਨਾਂ ਨੂੰ ਧਾਰਨਾ ਆਧਾਰਿਤ ਨਿਰਦੇਸ਼ ਦੇਣੇ ਚਾਹੀਦੇ ਹਨ ਤਾਂ ਜੋ ਉਹਨਾਂ ਨੂੰ ਆਪਣੇ ਵਿਚਾਰਾਂ ਨੂੰ ਏਕੀਕ੍ਰਿਤ ਕਰਕੇ ਅਤੇ ਉਹਨਾਂ ਨੂੰ ਲਾਗੂ ਕਰਨ ਦਾ ਮੌਕਾ ਮਿਲੇ।
4. ਪਾਠਕ੍ਰਮ ਵਿਚ ਬਦਲਾਅ ਕਰਨ ਦਾ ਦੂਜਾ ਤਰੀਕਾ ਅੰਤਰ-ਅਨੁਸ਼ਾਸਨੀ ਪਹੁੰਚ ਵੀ ਹੈ।
5. ਪਾਠਕ੍ਰਮ ਤਜ਼ਰਬੇ ਜੋ ਕਿ ਪਰੰਪਰਾਗਤ ਵਿਸ਼ੇ-ਖੇਤਰਾਂ ਤੋਂ ਪਾਰ ਹੁੰਦੇ ਹਨ, ਉਹਨਾਂ ਨੂੰ ਵਿਸ਼ਿਆਂ ਦਾ ਢਾਂਚਾ ਅਤੇ ਗਿਆਨ ਦੀ ਏਕੀਕ੍ਰਿਤ ਸਮਝ ਲਈ ਉਤਸ਼ਾਹਿਤ ਕਰਦੇ ਹਨ।

**(ਅ) ਪ੍ਰਕ੍ਰਿਆ ਵਿਚ ਬਦਲਾਅ** : ਪ੍ਰਕ੍ਰਿਆ ਵਿਚ ਬਦਲਾਵ ਲਈ ਗਤੀਵਿਧੀਆਂ ਨੂੰ ਬੋਧਿਕ ਤੌਰ ਤੇ ਪੁਨਰ-ਸੰਗਠਿਤ ਕਰਨਾ ਚਾਹੀਦਾ ਹੈ।

1. ਵਿਦਿਆਰਥੀਆਂ ਨੂੰ ਅਜਿਹੇ ਪ੍ਰਸ਼ਨ ਪੁੱਛਣੇ ਚਾਹੀਦੇ ਹਨ ਜਿਨ੍ਹਾਂ ਲਈ ਉੱਚ ਪੱਧਰ ਦੇ ਉੱਤਰ ਦੀ ਲੋੜ ਪਏ ਜਾਂ ਫੇਰ ਖੁੱਲੇ ਪ੍ਰਸ਼ਨ ਦਿਤੇ ਜਾਣ ਤਾਂ ਕਿ ਉਹ ਪੁੱਛ-ਗਿੱਛ ਅਤੇ ਖੋਜ ਕਰਨ ਲਈ ਉਤੇਜਿਤ ਹੋਣ।
2. ਵਿਦਿਆਰਥੀਆਂ ਨੂੰ ਵਿਸ਼ੇ ਬਾਰੇ ਸੂਖਮ ਅਤੇ ਗੁੰਝਲਦਾਰ ਤਰੀਕਿਆਂ ਰਾਹੀਂ ਸੋਚਣ ਲਈ ਉਤਸ਼ਾਹਿਤ ਕਰਨਾ।
3. ਗਤੀਵਿਧੀਆਂ ਦੀ ਚੋਣ ਵਿਦਿਆਰਥੀਆਂ ਦੀਆਂ ਰੁਚੀਆਂ 'ਤੇ ਆਧਾਰਿਤ ਹੋਣੀਆਂ ਚਾਹੀਦੀਆਂ ਹਨ ਅਤੇ ਗਤੀਵਿਧੀਆਂ ਇਸ ਤਰੀਕੇ ਨਾਲ ਪ੍ਰਯੋਗ ਕੀਤੀਆਂ ਜਾਣੀਆਂ ਚਾਹੀਦੀਆਂ ਹਨ ਤਾਂਕਿ ਸਵੈ-ਸਿੱਖਣ ਵੱਲ ਉਤਸ਼ਾਹਿਤ ਕੀਤਾ ਜਾ ਸਕੇ।
4. ਹਰੇਕ ਅਧਿਆਪਕ ਉਚ ਪੱਧਰ ਦੇ ਚਿੰਤਨ ਕੌਸ਼ਲਾਂ ਨੂੰ ਉਤੇਜਿਤ ਅਤੇ ਉਤਸ਼ਾਹਿਤ ਕਰਨ ਦੇ ਵੱਖ ਵੱਖ ਢੰਗਾਂ ਬਾਰੇ ਪਤਾ ਹੋਣਾ ਚਾਹੀਦਾ ਹੈ।
5. ਸਮੂਹਿਕ ਗੱਲਬਾਤ ਅਤੇ ਸਿਮੂਲੇਸ਼ਨ, ਲਚਕਦਾਰ ਪੇਸਿੰਗ ਅਤੇ ਅਗਵਾਈਕ੍ਰਿਤ ਸਵੈ-ਮੈਨੇਜਮੈਂਟ ਕੁਝ ਅਜਿਹੇ ਢੰਗ ਹਨ ਜੋਕਿ ਜਮਾਤ ਦੀਆਂ ਗਤੀਵਿਧੀਆਂ ਨੂੰ ਮੈਨੇਜ ਕਰਦੇ ਹਨ।

**(ੲ) ਵਾਤਾਵਰਨ ਦਾ ਬਦਲਾਅ** : ਪ੍ਰਤਿਭਾਸ਼ਾਲੀ ਬੱਚੇ ਵਿਦਿਆਰਥੀ ਕੇਂਦਰਿਤ ਵਾਤਾਵਰਨ ਵਿਚ ਵਧੀਆ ਸਿਖਦੇ ਹਨ ਜਿਹੜੇ ਕਿ ਪੁੱਛਗਿੱਛ ਵੰਨ-ਸੁਵੰਨਤਾ, ਸ਼ਰੀਰਕ ਗਤੀਵਿਧੀਆਂ ਆਦਿ ਹੁੰਦੀਆਂ ਹਨ, ਜਿਹੜੀ ਕਿ ਸਕੂਲ ਤਜ਼ਰਬਿਆਂ ਨੂੰ ਸੰਸਾਰ ਨਾਲ ਜੋੜਦੇ ਹਨ। ਅਧਿਆਪਕ ਨੂੰ ਅਜਿਹਾ ਵਾਤਾਵਰਨ ਸਥਾਪਿਤ ਕਰਨਾ ਚਾਹੀਦਾ ਹੈ, ਜੋ ਕਿ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਪ੍ਰਸ਼ਨ ਪੁੱਛਣ, ਆਜਾਦ ਹੋ ਕੇ ਅਭਿਆਸ ਕਰਨ ਅਤੇ ਆਪਣੀ ਸਿਰਜਨਾਤਮਿਕਤਾ ਨੂੰ ਵਰਤਣ ਲਈ ਉਤਸ਼ਾਹਿਤ ਕਰੇ।

**(ਸ) ਉਤਪਾਦ ਵਿਚ ਬਦਲਾਅ** :

**(i)** ***ਉਮੀਦ ਅਤੇ ਵਿਦਿਆਰਥੀ ਉੱਤਰ*** : *ਅਧਿਆਪਕ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰੇ ਕਿ ਉਹਨਾਂ ਨੇ ਜੋ ਕੁਝ ਵੀ ਆਪਣੇ ਜੀਵਨ ਵਿਚ ਸਿੱਖਿਆ ਹੈ, ਉਸਨੂੰ ਪ੍ਰਦਰਸ਼ਿਤ ਕਰਨ। ਉਹ ਸੱਚੀਆਂ ਸਮੱਸਿਆਵਾਂ ਨਾਲ ਨਜਿੱਠਣ, ਸੂਚਨਾ ਨੂੰ ਵੱਧੋ-ਵੱਧ ਸਮਰਾਈਜ਼ ਕਰਨ ਅਤੇ ਸਵੈ-ਮੁਲਾਂਕਣ ਪ੍ਰਕ੍ਰਿਆ ਨੂੰ ਸ਼ਾਮਿਲ ਕਰਨ।*

**(ii)** ***ਪਾਠਕ੍ਰਮ ਦੀ ਪ੍ਰਭਾਵਸ਼ੀਲਤਾ ਨੂੰ ਮਾਪਣਾ*** : *ਪਾਠਕ੍ਰਮ ਨਿਰਮਾਣ ਇੱਕ ਗਤੀਸ਼ੀਲ ਅਤੇ ਹਮੇਸ਼ਾ ਚੱਲਣ ਵਾਲੀ ਪ੍ਰਕ੍ਰਿਆ ਹੈ। ਇਸ ਦੇ ਲਈ ਗ੍ਰੇਡ ਪੱਧਰ ਦੁਆਰਾ ਪੁਨਰਾਵ੍ਰਿਤੀ ਅਤੇ ਗੈਪ ਨੂੰ ਰੋਕਣ ਲਈ ਧਿਆਨ ਦੇਣ ਦੀ ਖਾਸ ਜਰੂਰਤ ਹੈ।*

*2.4.5.***A.5** ***ਸਿੱਟਾ*** :

*ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਪਾਠਕ੍ਰਮ ਜਰੂਰਤਾਂ ਨੂੰ ਪੂਰਾ ਕਰਨ ਲਈ ਹੇਠ ਲਿਖੇ ਤੱਥਾਂ ਨੂੰ ਧਿਆਨ ਵਿਚ ਰੱਖਿਆ ਜਾਣਾ ਚਾਹੀਦਾ ਹੈ :*

- *ਪ੍ਰਤਿਭਾਸ਼ਾਲੀ ਵਿਦਿਆਰਥੀਆਂ ਲਈ ਪਾਠਕ੍ਰਮ ਵਿਸ਼ਾ ਕੇਂਦਰਿਤ ਹੋਣਾ ਚਾਹੀਦਾ ਹੈ ਅਤੇ ਇਸ ਵਿਚ ਮੁੱਖ ਵਿਚਾਰ, ਸਮੱਸਿਆਵਾਂ ਅਤੇ ਉਪਵਿਸ਼ੇ ਇਸ ਤਰ੍ਹਾਂ ਦੇ ਸ਼ਾਮਿਲ ਹੋਣ ਜੋਕਿ ਉਹਨਾਂ ਦੇ ਗਿਆਨ ਨੂੰ ਏਕੀਕ੍ਰਿਤ ਕਰਨ ਵਿਚ ਮਦਦ ਕਰਣ।*
- *ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦਾ ਪਾਠਕ੍ਰਮ ਵਿਦਿਆਰਥੀਆਂ ਦੇ ਸੋਚਣ ਕੌਸ਼ਲ ਨੂੰ ਉਤਪਾਦਿਤ ਬਣਾਵੇ ਤਾਂਕਿ ਉਹ ਪ੍ਰਾਪਤ ਕੀਤੇ ਗਿਆਨ ਰਾਹੀਂ ਨਵੇਂ ਗਿਆਨ ਦਾ ਨਿਰਮਾਣ ਕਰ ਸਕਣ।*
- *ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦਾ ਪਾਠਕ੍ਰਮ ਅਜਿਹਾ ਹੋਣਾ ਚਾਹੀਦਾ ਹੈ ਜੋ ਕਿ ਬਦਲਦੇ ਗਿਆਨ ਨੂੰ ਲਗਾਤਾਰ ਜਾਰੀ ਰੱਖੇ।*
- *ਪ੍ਰਤਿਭਾਸ਼ਾਲੀ ਬੱਚਿਆਂ ਲਈ ਪਾਠਕ੍ਰਮ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਉਹ ਖਾਸ ਅਤੇ ਵਿਸ਼ੇਸ਼ ਸਾਧਨਾਂ ਦੀ ਚੋਣ ਅਤੇ ਪ੍ਰਯੋਗ ਕਰ ਸਕਣ।*
- *ਪ੍ਰਤਿਭਾਸ਼ਾਲੀ ਵਿਦਿਆਰਥੀਆਂ ਲਈ ਪਾਠਕ੍ਰਮ ਸਵੈ-ਸੂਝ ਨੂੰ ਵਿਕਸਿਤ ਕਰਨ ਅਤੇ ਦੂਜਿਆਂ ਨਾਲ ਆਪਣੇ ਰਿਸ਼ਤੇ ਦੀ ਸਮਝ, ਸਮਾਜਿਕ ਸੰਸਥਾਵਾਂ ਨਾਲ, ਪ੍ਰਕਿਰਤੀ ਅਤੇ ਸਭਿਅਤਾ ਨਾਲ ਸਮਝ ਕਰਾਉਣ ਵਾਲਾ ਹੋਣਾ ਚਾਹੀਦਾ ਹੈ।*
- *ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੇ ਪਾਠਕ੍ਰਮ ਦਾ ਮੁਲਾਂਕਣ ਪਿਛਲੇ ਸਿਧਾਂਤਾਂ, ਉੱਚੇ ਪੱਧਰ ਦੇ ਚਿੰਤਨ ਕੌਸ਼ਲਾਂ 'ਤੇ ਦਬਾਅ ਅਤੇ ਸਿਰਜਨਾਤਮਕਤਾ ਦੇ ਆਧਾਰ 'ਤੇ ਕਰਨਾ ਚਾਹੀਦਾ ਹੈ।*

*2.4.5.***A6** ***ਛੋਟੇ ਪ੍ਰਸ਼ਨ*** :

1. *ਪ੍ਰਤਿਭਾਸ਼ਾਲੀ ਬੱਚਿਆਂ ਨੂੰ ਪਰਿਭਾਸ਼ਿਤ ਕਰੋ।*
2. *ਪ੍ਰਤਿਭਾਸ਼ਾਲੀ ਬੱਚਿਆਂ ਦੀਆਂ ਪੰਜ ਵਿਸ਼ੇਸ਼ਤਾਵਾਂ ਦੱਸੋ।*
3. *ਪ੍ਰਤਿਭਾਸ਼ਾਲੀ ਬੱਚਿਆਂ ਨੂੰ ਪਛਾਨਣ ਦੇ ਕੋਈ ਤਿੰਨ ਢੰਗ ਦੱਸੋ।*

*2.4.5***B** ***ਦ੍ਰਿਸ਼ਟੀ ਸੰਬੰਧੀ ਵਿਕਾਰਤਾ ਵਾਲੇ ਬੱਚਿਆਂ ਦੀਆਂ ਪਾਠਕ੍ਰਮ ਜਰੂਰਤਾਂ***

*2.4.5.***B1** ***ਅਰਥ*** : *ਦ੍ਰਿਸ਼ਟੀ ਤੋਂ ਵਿਕਲਾਂਗ ਬੱਚੇ ਉਹ ਬੱਚੇ ਹਨ ਜਿਨ੍ਹਾਂ ਦੀ ਦ੍ਰਿਸ਼ਟੀ ਥੋੜੀ ਹੁੰਦੀ ਹੈ। ਇਹ 20 ਫੁੱਟ ਦੇ ਫਾਸਲੇ ਤੱਕ ਕੁਝ-ਕੁਝ ਦੇਖ ਸਕਦੇ ਹਨ, ਜਦੋਂ ਕਿ ਇੱਕ ਸਾਧਾਰਨ ਅੱਖ ਦੁਆਰਾ 200 ਫੁੱਟ ਤੱਕ ਆਸਾਨੀ ਨਾਲ ਦੇਖਿਆ ਜਾ ਸਕਦਾ ਹੈ। ਦ੍ਰਿਸ਼ਟੀ ਤੋਰ ਤੋਂ ਵਿਕਲਾਂਗ ਬੱਚਿਆਂ ਨੂੰ ਦੋ ਵਰਗਾਂ 'ਚ ਵੰਡਿਆ ਜਾ ਸਕਦਾ ਹੈ - ਅੰਨ੍ਹੇ ਅਤੇ ਥੋੜੀ ਨਿਗ੍ਹਾ ਵਾਲੇ। ਅੰਨ੍ਹੇ ਬੱਚੇ ਉਹ ਬੱਚੇ ਹਨ ਜਿਹੜੇ ਬ੍ਰੇਲ ਲਿਪੀ ਦਾ ਪ੍ਰਯੋਗ ਕਰਦੇ ਹਨ ਅਤੇ ਥੋੜੀ ਨਜ਼ਰ ਵਾਲੇ ਉਹ ਬੱਚੇ ਹਨ ਜੋ ਪ੍ਰਿੰਟ ਦਾ ਪ੍ਰਯੋਗ ਕਰਦੇ ਹਨ।*

*2.4.5.***B2** ***ਕਾਰਨ*** :

*ਦ੍ਰਿਸ਼ਟੀ ਤੋਂ ਵਿਕਲਾਂਗਤਾ ਜਨਮਜਾਤ ਅਤੇ ਵਿਕਾਸਾਤਮਕ ਵਿਕਾਰਾਂ ਕਰਕੇ ਹੁੰਦੇ ਹਨ। ਆਮ ਬੀਮਾਰੀਆਂ ਵਿਚ ਸਿਫਲਿਜ਼, ਡਾਏਰੀਆ, ਹਾਏਪਰਟੈਂਸ਼ਨ, ਸ਼ੂਗਰ, ਗੁਰਦੇ ਦੀਆਂ ਬੀਮਾਰੀਆਂ ਅਤੇ ਕੁਪੋਸ਼ਣ ਆਦਿ ਸ਼ਾਮਿਲ ਹਨ।*

*2.4.5.***B3** ***ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਦੀ ਪਛਾਣ*** :

ਅੰਨੇ ਬੱਚਿਆਂ ਦੀ ਪਛਾਣ ਉਹਨਾਂ ਦੇ ਮਾਪਿਆਂ ਦੁਆਰਾ ਜਨਮ ਸਮੇਂ ਹੀ ਕਰ ਲਈ ਜਾਂਦੀ ਹੈ। ਅਗਲੀਆਂ ਸਟੇਜਾਂ ਵਿਚ ਅਜਿਹੇ ਬੱਚਿਆਂ ਦੀ ਪਛਾਣ ਵੱਖ-ਵੱਖ ਚਿੰਨ੍ਹਾਂ ਰਾਹੀ ਅਧਿਆਪਕ ਅਤੇ ਮਾਪੇ ਕਰਦੇ ਹਨ। ਚਿੰਨ੍ਹ ਜਿਵੇਂ ਕਿ ਅੱਖਾਂ, ਮੱਲਣਾ, ਅੱਖਾਂ 'ਚੋ ਪਾਣੀ ਆਉਣਾ, ਅੱਖਾਂ ਦਾ ਲਾਲ ਹੋਣਾ, ਕਿਤਾਬਾਂ ਅਤੇ ਦੂਜੀਆਂ ਵਸਤਾਂ ਨੂੰ ਅੱਖਾਂ ਦੇ ਨੇੜੇ ਲਿਆਉਣਾ ਆਦਿ। ਕੁਝ ਟੈਸਟ ਜਿਵੇਂ WISC-R, ਕੋਹ ਦਾ ਬਲਾਕ ਡਿਜਾਈਨ ਟੈਸਟ ਆਦਿ ਵੀ ਅਜਿਹੇ ਬੱਚਿਆਂ ਦੀ ਪਛਾਣ ਕਰਨ ਵਿਚ ਸਹਾਈ ਹੁੰਦੇ ਹਨ।

### 2.4.5.B4 ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ :

ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

**(i) ਆਂਸ਼ਿਕ ਨਜ਼ਰ ਵਾਲੇ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ :**

ਅਜਿਹੇ ਬੱਚਿਆਂ ਨੂੰ ਨਜ਼ਰ ਦੇ ਕਈ ਦੋਸ਼ ਹੁੰਦੇ ਹਨ ਜਿਵੇਂ ਮਾਓਪੀਆ, ਹਾਈਪਰਮੈਟਰੋਪੀਆ, ਅਸਟੀਗਮੈਟਜ਼ਿਮ ਆਦਿ। ਅਜਿਹੇ ਬੱਚੇ ਸਿੱਖਿਆ ਪ੍ਰਾਪਤੀ, ਸਮਾਜਿਕ ਪ੍ਰਾਪਤੀ ਅਤੇ ਸ਼ਖਸ਼ੀਅਤੀ ਵਿਸ਼ੇਸ਼ਤਾਵਾਂ ਵਿਚ ਸਾਧਾਰਨ ਬੱਚਿਆਂ ਤੋਂ ਵੱਖਰੇ ਨਹੀਂ ਹੁੰਦੇ।

**(ii) ਅੰਨ੍ਹੇ ਬੱਚਿਆਂ ਦੀਆਂ ਵਿਸ਼ੇਸ਼ਤਾਵਾਂ :**

1. ਚੰਗੀ ਭਾਸ਼ਾ ਦਾ ਨਿਰਮਾਣ ਭਾਵੇਂ ਕਿ ਆਮ ਬੱਚੇ ਦੀ ਭਾਸ਼ਾ ਤੋਂ ਵੱਖਰੀ ਹੋਵੇ।
2. ਆਮ ਅਤੇ ਆਂਸ਼ਿਕ ਨਜ਼ਰ ਵਾਲੇ ਬੱਚਿਆਂ ਦੀ ਤੁਲਨਾ ਵਿੱਚ ਮੋਟਰ ਕੁਸ਼ਲਤਾ ਦਾ ਘੱਟ ਹੋਣਾ।
3. ਆਮ ਬੱਚਿਆਂ ਨਾਲੋਂ ਬੁੱਧੀ ਅੰਕ ਥੋੜਾ ਜਿਹਾ ਘੱਟ ਹੋਣਾ।
4. ਵੱਖਰੀਆਂ ਗਿਆਨਾਤਮਿਕ ਯੋਗਤਾਵਾਂ।
5. ਸਮਝਣ ਵਿਚ ਥੋੜੀ ਮੁਸ਼ਕਿਲ ਪੇਸ਼ ਆਉਣੀ।
6. ਠੀਕ-ਠਾਕ ਪ੍ਰਤੱਖੀਕਰਨ।

### 2.4.5.B5 ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਦੀਆਂ ਪਾਠਕ੍ਰਮ ਜਰੂਰਤਾਂ :

ਮੌਜੂਦਾ ਪਾਠਕ੍ਰਮ, ਜਿਸ ਵਿਚ ਅੰਗ੍ਰੇਜ਼ੀ ਭਾਸ਼ਾ, ਕਲਾ, ਦੂਜੀਆਂ ਭਾਸ਼ਾਵਾਂ ਜਿਥੋਂ ਤੱਕ ਸੰਭਵ ਹੋ ਸਕੇ, ਗਣਿਤ, ਵਿਗਿਆਨ, ਸ਼ਰੀਰਕ ਸਿਖਿਆ, ਲਲਿਤ ਕਲਾ, ਸਮਾਜਿਕ ਸਿਖਿਆ, ਅਰਥ-ਸ਼ਾਸ਼ਤਰ, ਬਿਜਨਸ ਸਿਖਿਆ, ਕਿੱਤਾਕਾਰੀ ਸਿੱਖਿਆ, ਇਤਿਹਾਸ ਆਦਿ ਸ਼ਾਮਿਲ ਹੈ, ਦ੍ਰਿਸ਼ਟੀ ਵਿਕਲਾਂਗ ਬੱਚਿਆਂ ਲਈ ਮੌਜੂਦਾ ਪਾਠਕ੍ਰਮ ਵਿਚ ਥੋੜਾ ਵਾਧਾ ਕਰਨ ਦੀ ਲੋੜ ਹੈ। ਪਾਠਕ੍ਰਮ ਦੇ ਵਿਸਤਾਰ ਵਿਚ ਕਾਰਜਕਾਰੀ ਅਕਾਦਮਿਕ ਕੌਸ਼ਲ ਹੋਣ ਜਿਸ ਵਿਚ ਵਾਰਤਾਲਾਪ ਦੇ ਮੋਡ, ਉਨਮੁਖੀਕਰਨ ਅਤੇ ਗਤੀਸ਼ੀਲਤਾ, ਸਮਾਜਿਕ ਅੰਤਰਕ੍ਰਿਆ ਕੌਸ਼ਲ, ਸੁਤੰਤਰ ਜਿਉਣ ਕੌਸ਼ਲ, ਮਨੋਰੰਜਨ ਅਤੇ ਵਿਹਲੇ ਸਮੇਂ ਦੇ ਕੌਸ਼ਲ, ਕਿੱਤਾ ਸਿੱਖਿਆ ਅਤੇ ਸਵੈ-ਦ੍ਰਿੜਤਾ ਆਦਿ ਹੋਣੇ ਜਰੂਰੀ ਹਨ।

**ਨੌ ਅਦੁੱਤੀ ਸਿੱਖਿਆ ਜਰੂਰਤਾਂ :**

**ਕਾਰਜਕਾਰੀ ਅਕਾਦਮਿਕ ਕੌਸ਼ਲ ਵਾਰਤਾਲਾਪੀ ਮੋਡ ਸਮੇਤ** : ਅਕਸਰ ਪ੍ਰਤੀਪੂਰਕ ਕੌਸ਼ਲਾਂ ਵਿੱਚ ਮਾਸਟਰੀ ਦਾ ਮਤਲਬ ਇਹ ਹੈ ਕਿ ਦ੍ਰਿਸ਼ਟੀ ਤੌਰ ਤੇ ਵਿਕਲਾਂਗ ਬੱਚੇ ਸਧਾਰਨ ਬੱਚਿਆਂ ਦੇ ਬਰਾਬਰ ਸਿੱਖਣ ਦਾ ਯਤਨ ਕਰਦੇ ਹਨ। ਕਾਰਜਕਾਰੀ ਕੌਸ਼ਲ ਉਹ ਕੌਸ਼ਲ ਹਨ ਜਿਸ ਵਿਚ ਵਿਭਿੰਨ ਅਸਮਰੱਥਾਵਾਂ ਹੋਣ ਦੇ ਨਾਲ ਸਿੱਖਦੇ ਹਨ ਅਤੇ ਨਾਲ ਹੀ ਜਿਥੋਂ ਤੱਕ ਸੰਭਵ ਹੋ ਸਕੇ, ਉਹਨਾਂ ਨੂੰ ਕੰਮ ਕਰਨ, ਖੇਡਣ, ਸਮਾਜੀਕਰਨ ਕਰਨ ਅਤੇ ਆਪਣੀਆਂ ਨਿਜੀ ਜਰੂਰਤਾਂ ਦੀ ਪਰਵਾਹ ਕਰਨ ਦੇ ਮੌਕੇ ਪ੍ਰਦਾਨ ਕਰਨਾ। ਵਾਰਤਾਲਾਪੀ ਜਰੂਰਤਾਂ ਵੱਖਰੀਆਂ ਹੋਣਗੀਆਂ, ਜਿਹੜੀ ਕਿ ਕਾਰਜਕਾਰੀ ਉਦੇਸ਼ ਦੇ ਅਨੁਸਾਰ ਹੋਵੇਗੀ। ਬੱਚੇ ਬ੍ਰੇਲ ਦਾ ਪ੍ਰਯੋਗ ਕਰਦੇ ਹਨ, ਵੱਡਾ ਪ੍ਰਿੰਟ, ਆਪਟੀਕਲ ਡਿਵਾਈਸਜ਼ ਨਾਲ ਪ੍ਰਿੰਟ ਰੈਗੂਲਰ ਪ੍ਰਿੰਟ, ਕੈਲੇਂਡਰ ਸਿਸਟਮ, ਚਿੰਨ੍ਹ ਭਾਸ਼ਾ ਅਤੇ ਵਾਰਤਾਲਾਪ ਕਰਨ ਲਈ ਰਿਕਾਰਡਿਡ ਸਾਮਗਰੀ ਦਾ ਪ੍ਰਯੋਗ ਕਰਦੇ ਹਨ। ਇਸ ਤੋਂ ਇਲਾਵਾ ਹਰੇਕ ਵਿਦਿਆਰਥੀ ਨੂੰ ਪ੍ਰਤੀਪੂਰਕ ਅਤੇ ਕਾਰਜਕਾਰੀ ਕੌਸ਼ਲਾਂ ਵਿਚ ਮਾਸਟਰੀ ਪ੍ਰਾਪਤ ਕਰਨ ਲਈ ਪ੍ਰੋਫ਼ੈਸ਼ਨਲ ਤਿਆਰੀ ਵਾਲੇ ਅਧਿਆਪਕ ਤੋਂ ਨਿਰਦੇਸ਼ਾਂ ਦੀ ਵੀ ਲੋੜ ਪੈਂਦੀ ਹੈ।

**ਉਨਮੁਖੀਕਰਨ ਅਤੇ ਗਤੀਸ਼ੀਲਤਾ** : ਵਿਸਤਰਿਤ ਕੋਰ ਪਾਠਕ੍ਰਮ ਦਾ ਹਿੱਸਾ ਹੋਣ ਦੇ ਨਾਤੇ ਉਨਮੁਖੀਕਰਨ ਅਤੇ ਗਤੀਸ਼ੀਲਤਾ ਸਿੱਖਣ ਦੇ ਵਿਚ ਬਹੁਤ ਵੱਡਾ ਰੋਲ ਅਦਾ ਕਰਦੇ ਹਨ। ਇਸ ਤਰ੍ਹਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਨੂੰ ਜਰੂਰੀ ਹੈ ਕਿ ਉਹ ਇਸ ਤਰ੍ਹਾਂ ਦਾ ਪਾਠਕ੍ਰਮ ਡਿਲੀਵਰ ਕਰਨ। ਵਿਦਿਆਰਥੀ ਆਪਣੇ ਆਪ ਬਾਰੇ ਸਿੱਖਣ ਦੇ ਨਾਲ-ਨਾਲ ਆਪਣੇ ਵਾਤਾਵਰਨ ਬਾਰੇ ਵੀ ਸਿੱਖਣ ਜਿਸ ਵਿਚ ਉਹ ਰਹਿੰਦੇ ਹਨ।

***ਸਾਮਾਜਿਕ ਅੰਤਰਕ੍ਰਿਆ ਕੌਸ਼ਲ*** : ਦ੍ਰਿਸ਼ਟੀ ਤੋਂ ਵਿਕਲਾਂਗ ਬੱਚੇ ਸਾਮਾਜਿਕ ਅੰਤਰ-ਕ੍ਰਿਆ ਕੌਸ਼ਲ ਸਹੀ ਢੰਗ ਨਾਲ ਨਹੀਂ ਸਿੱਖ ਪਾਂਦੇ ਕਿਉਂਕਿ ਉਹਨਾਂ ਦੀ ਨਜ਼ਰ ਨਹੀਂ ਹੁੰਦੀ ਜਾਂ ਘੱਟ ਹੁੰਦੀ ਹੈ। ਸਮਾਜਿਕ ਕੌਸ਼ਲ ਅਜਿਹੇ ਬੱਚਿਆਂ ਨੂੰ ਸਿਖਾਣੇ ਬਹੁਤ ਜਰੂਰੀ ਹੁੰਦੇ ਹਨ। ਇਹ ਇਕ ਆਧਾਰਭੂਤ ਜਰੂਰਤ ਹੈ ਕਿਉਂਕਿ ਇਹੀ ਉਸਨੂੰ ਇੱਕ-ਸੰਤੁਸ਼ਟ ਬਾਲਗ ਬਣਾ ਸਕਦੀ ਹੈ ਤਾਂ ਕਿ ਉਹ ਸਮਾਜ ਵਿਚ ਇਕੱਲਤਾ ਨੂੰ ਮਹਿਸੂਸ ਨਾ ਕਰੇ।

***ਸੁਤੰਤਰ ਜੀਵਨ ਕੌਸ਼ਲ*** : ਕੋਰ ਪਾਠਕ੍ਰਮ ਵਿਚ ਇਸ ਖੇਤਰ ਨੂੰ ਅਕਸਰ 'ਪ੍ਰਤੀਦਿਨ ਜੀਵਨ ਕੌਸ਼ਲ' ਕਿਹਾ ਜਾਂਦਾ ਹੈ। ਇਸ ਵਿਚ ਵਿਅਕਤੀ ਦੁਆਰਾ ਕੀਤੇ ਉਹ ਸਾਰੇ ਕੰਮ ਸ਼ਾਮਿਲ ਹਨ, ਜਿਨ੍ਹਾਂ ਨੂੰ ਉਹ ਆਪਣੀ ਜਿੰਦਗੀ ਸੁਤੰਤਰ ਤੌਰ ਤੇ ਜੀਣ ਲਈ ਆਪਣੀਆਂ ਯੋਗਤਾਵਾਂ ਦੇ ਅਨੁਸਾਰ ਕਰਦਾ ਹੈ। ਇਹ ਪਾਠਕ੍ਰਮ ਜਰੂਰਤਾਂ ਅਲਗ ਹੁੰਦੀਆਂ ਹਨ ਜਿਵੇਂ ਨਿਜੀ ਹਾਈਜਨ, ਭੋਜਨ ਪਕਾਉਣਾ, ਧਨ ਮੈਨੇਜਮੈਂਟ ਆਦਿ। ਸੁਤੰਤਰ ਜੀਵਨ ਕੌਸ਼ਲਾਂ ਦੀ ਸਿਖਿਆ ਲਗਾਤਾਰ ਦੇਣੀ ਚਾਹੀਦੀ ਹੈ ਨਾਕਿ ਪਰੰਪਰਾਗਤ ਸਕੂਲਾਂ ਵਿਚ। ਸਧਾਰਨ ਬੱਚੇ ਜੋ ਸਿੱਖਿਆ ਆਪਣੇ ਵਾਤਾਵਰਨ ਵਿਚੋਂ ਦੇਖਕੇ ਪ੍ਰਾਪਤ ਕਰਦੇ ਹਨ, ਅਜਿਹੇ ਬੱਚੇ ਇਸ ਤਰ੍ਹਾਂ ਨਹੀਂ ਕਰ ਸਕਦੇ।

***ਮਨੋਰੰਜਨ ਅਤੇ ਵਿਹਲੇ ਰਹਿਣ ਦਾ ਕੋਸ਼ਲ*** : ਸਰੀਰਕ ਸਿਖਿਆ ਵਿਚ ਬਹੁਤ ਸਾਰੀਆਂ ਗਤੀਵਿਧੀਆਂ ਬਹੁਤ ਚੰਗੀਆਂ ਹਨ ਅਤੇ ਉਹ ਅਜਿਹੇ ਬੱਚਿਆਂ ਲਈ ਬਹੁਤ ਵਧੀਆ ਹਨ। ਇਸ ਤੋਂ ਇਲਾਵਾ, ਇਹਨਾਂ ਬੱਚਿਆਂ ਨੂੰ ਮਨੋਰੰਜਨ ਅਤੇ ਵਿਹਲੇ ਰਹਿਣ ਵਾਲੀਆਂ ਗਤੀਵਿਧੀਆਂ ਨੂੰ ਵਿਕਸਿਤ ਕਰਨ ਦੀ ਵੀ ਲੋੜ ਹੈ ਤਾਂ ਕਿ ਉਹ ਆਪਣੀ ਬਾਲਗ ਜਿੰਦਗੀ ਦਾ ਆਨੰਦ ਮਾਣ ਸਕਣ। ਇਸ ਤਰ੍ਹਾਂ ਦੀ ਸਿਖਿਆ ਯੋਜਨਾਬੱਧ ਤਰੀਕੇ ਨਾਲ ਦੇਣੀ ਚਾਹੀਦੀ ਹੈ ਅਤੇ ਇਸਦਾ ਫੋਕਸ ਜਿੰਦਗੀ ਦੇ ਕੋਸ਼ਲ ਨੂੰ ਵਿਕਸਿਤ ਕਰਨ ਵੱਲ ਹੋਣਾ ਚਾਹੀਦਾ ਹੈ।

***ਕਿੱਤਾ ਸਿਖਿਆ*** : ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਲਈ ਕੈਰੀਅਰ ਸਿੱਖਿਆ ਦਾ ਹੋਣਾ ਵੀ ਬਹੁਤ ਜਰੂਰੀ ਹੈ। ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਨੂੰ ਕੰਮਾਂ ਅਤੇ ਨੌਕਰੀਆਂ ਬਾਰੇ ਉਹ ਗਿਆਨ ਨਹੀਂ ਮਿਲ ਪਾਉਂਦਾ ਜੋ ਸਧਾਰਨ ਬੱਚਿਆਂ ਨੂੰ ਸਮਾਜ ਵਿਚ ਦੇਖਣ ਰਾਹੀ ਪਤਾ ਚਲ ਜਾਂਦਾ ਹੈ। ਇਸ ਤਰ੍ਹਾਂ ਦੀ ਸਿਖਿਆ ਵਿਚ ਬੱਚਿਆਂ ਨੂੰ ਬੈਂਕ, ਗਾਰਡਨਰ, ਸਮਾਜ-ਸੇਵਕ, ਕਲਾਕਾਰ ਆਦਿ ਦਾ ਕੰਮ ਕਰਵਾ ਉਹਨਾਂ ਨੂੰ ਮੌਕਾ ਦਿਤਾ ਜਾ ਸਕਦਾ ਹੈ। ਇਹ ਵਿਦਿਆਰਥੀਆਂ ਨੂੰ ਮੌਕਾ ਪ੍ਰਦਾਨ ਕਰਦਾ ਹੈ ਕਿ ਉਹ ਆਪਣੀ ਸ਼ੌਕ, ਰੁਚੀ ਦੇ ਅਨੁਸਾਰ ਸਹੀ ਕੰਮ ਦੀ ਚੋਣ ਕਰੇ।

***ਤਕਨਾਲੋਜੀ*** : ਤਕਨਾਲੋਜੀ ਵਿਚ ਅਜਿਹਾ ਸੰਦ ਹੈ ਜੋਕਿ ਵਿਦਿਆਰਥੀ ਦੇ ਸਿੱਖਣ ਦੇ ਖੇਤਰ ਨੂੰ ਵਧਾਉਂਦੀ ਹੈ। ਇਹ ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਦੀ ਉਂਗਲੀਆਂ 'ਤੇ ਲਾਇਬ੍ਰੇਰੀ ਦੇ ਸਮਾਨ ਹੈ। ਤਕਨਾਲੋਜੀ ਵਾਰਤਾਲਾਪ ਅਤੇ ਸਿੱਖਣ ਨੂੰ ਵਧਾਉਂਦੀ ਹੈ। ਤਕਨਾਲੋਜੀ ਕੋਰ ਪਾਠਕ੍ਰਮ ਦਾ ਹਿੱਸਾ ਹੋਣ ਦੇ ਨਾਤੇ ਸਿੱਖਿਆ ਦਾ ਇੱਕ ਜਰੂਰੀ ਹਿੱਸਾ ਹੈ।

***ਇੰਦਰੀ ਕਾਰਜਕੁਸ਼ਲਤਾ ਕੌਸ਼ਲ*** : ਇਸ ਵਿਚ ਗਿਆਨ ਇੰਦਰੀਆਂ ਦੇ ਪ੍ਰਯੋਗ ਦੇ ਨਿਰਦੇਸ਼ ਸ਼ਾਮਿਲ ਹੁੰਦੇ ਹਨ। ਉਦਾਹਰਨ ਲਈ ਜਿਵੇਂ ਆਪਟੀਕਲ ਡਿਵਾਇਸਜ਼, ਸੁਣਨ ਯੰਤਰ ਅਤੇ ਹੋਰ ਤਰ੍ਹਾਂ ਦੇ ਯੰਤਰਾਂ ਦਾ ਪ੍ਰਯੋਗ ਕਿਵੇਂ ਕਰਨਾ ਹੈ। ਇਸ ਤੋਂ ਇਲਾਵਾ ਇਹ ਵੀ ਸਿਖਾਇਆ ਜਾਂਦਾ ਹੈ ਕਿ ਸਾਰੀਆਂ ਗਿਆਨ ਇੰਦਰੀਆਂ ਦਾ ਪ੍ਰਯੋਗ ਏਕੀਕ੍ਰਿਤ ਰੂਪ ਵਿਚ ਕਿਵੇਂ ਕਰਨਾ ਹੈ। ਜਿਵੇਂ ਕਿਸੇ ਨੂੰ ਦੇਖੇ ਬਿਨਾਂ ਉਸਦੀ ਆਵਾਜ ਤੋਂ ਹੀ ਉਸਦੀ ਪਛਾਣ ਕਰਨੀ ਸਿੱਖਣਾ ਆਦਿ।

***ਸਵੈ-ਦ੍ਰਿੜਤਾ*** : ਵਿਦਿਆਰਥੀ ਆਪਣੀਆਂ ਸਫ਼ਲਤਾਵਾਂ ਅਤੇ ਅਸਫਲਤਾਵਾਂ ਤੋਂ ਇਹ ਸਿਖਦੇ ਹਨ ਕਿ ਜਿੰਦਗੀ ਦਾ ਉਦੇਸ਼ ਪ੍ਰਾਪਤ ਕਿਵੇਂ ਕਰਨਾ ਹੈ। ਸਵੈ-ਦ੍ਰਿੜਤਾ ਇਕ ਯੋਗਤਾ ਹੈ ਜਿਸ ਅਨੁਸਾਰ ਵਿਅਕਤੀ ਆਪਣੀ ਜਿੰਦਗੀ ਨੂੰ ਕੰਟਰੋਲ ਕਰਦੇ ਹਨ, ਉਦੇਸ਼ਾਂ ਤੱਕ ਪਹੁੰਚਦੇ ਹਨ ਅਤੇ ਆਪਣੇ ਸੰਸਾਰ ਵਿਚ ਪੂਰੀ ਤਰ੍ਹਾਂ ਹਿੱਸਾ ਲੈਂਦੇ ਹਨ।

ਉਪਰੋਕਤ ਦੱਸੇ ਪਾਠਕ੍ਰਮ ਅਨੁਸਾਰ ਸਿਖਾਉਣ ਨਾਲ ਦ੍ਰਿਸ਼ਟੀ ਤੋਂ ਵਿਕਲਾਂਗ ਬੱਚੇ ਚੰਗੀ ਜਿੰਦਗੀ ਜਿਉਣ ਦੇ ਕਾਬਲ ਬਣ ਸਕਣਗੇ।

### *2.4.5.***B6** ***ਛੋਟੇ ਪ੍ਰਸ਼ਨ*** :

1. ਦ੍ਰਿਸ਼ਟੀ ਤੋਂ ਵਿਕਲਾਂਗ ਬੱਚੇ ਕੌਣ ਹੁੰਦੇ ਹਨ ?
2. ਤੁਸੀ ਥੋੜੀ ਨਜ਼ਰ ਵਾਲੇ ਬੱਚੇ ਦੀ ਪਛਾਣ ਕਿਵੇਂ ਕਰੋਗੇ ?
3. ਦ੍ਰਿਸ਼ਟੀ ਤੋਂ ਵਿਕਲਾਂਗ ਬੱਚੇ ਦੀਆਂ ਕੋਈ ਤਿੰਨ ਪਾਠਕ੍ਰਮ ਜਰੂਰਤਾਂ ਦੀ ਸੂਚੀ ਬਣਾਓ।

### *2.4.5***C** ***ਧੀਮੇ ਸਿਖਿਆਰਥੀਆਂ ਦੀਆਂ ਪਾਠਕ੍ਰਮ ਜਰੂਰਤਾਂ*** :

**2.4.5.C1 ਅਰਥ :**

'ਧੀਮੇ ਸਿਖਿਆਰਥੀ' ਜਾਂ 'ਪਿਛੜੇ' ਸ਼ਬਦ ਉਹਨਾਂ ਬੱਚਿਆਂ ਲਈ ਵਰਤਿਆ ਜਾਂਦਾ ਹੈ ਜਿਹੜੇ ਆਪਣੀ ਉਮਰ ਦੇ ਬੱਚਿਆਂ ਦੇ ਨਾਲ ਸਾਧਾਰਨ ਤੌਰ ਤੇ ਮਿਲਕੇ ਕੰਮ ਨਹੀਂ ਕਰ ਸਕਦੇ। ਜੈਨਸਨ (1980) ਨੇ ਕਿਹਾ ਕਿ ਵਿਦਿਆਰਥੀ ਜਿਨ੍ਹਾਂ ਦਾ ਬੁੱਧੀ ਅੰਕ 80-90 ਹੁੰਦਾ ਹੈ, ਜਿਨ੍ਹਾਂ ਨੂੰ ਪਰੰਪਰਾਗਤ ਤੌਰ 'ਤੇ 'ਮੂਰਖ' ਕਿਹਾ ਜਾਂਦਾ ਹੈ। ਉਹ ਅਕਸਰ, ਜੋ ਜਮਾਤ ਵਿਚ ਕੰਮ ਕਰਵਾਇਆ ਜਾ ਰਿਹਾ ਹੁੰਦਾ ਹੈ, ਉਸ ਤੋਂ ਪਿੱਛੇ ਰਹਿ ਜਾਂਦੇ ਹਨ।

**2.4.5.C2 ਧੀਮੇ ਸਿੱਖਣ ਦੇ ਕਾਰਨ :**

ਧੀਮਾ ਸਿੱਖਣਾ ਕਈ ਕਾਰਨਾਂ ਕਰਕੇ ਹੁੰਦਾ ਹੈ ਜੋ ਕਿ ਨਿਮਨਲਿਖਿਤ ਹੋ ਸਕਦੇ ਹਨ :-

1. **ਗਰੀਬੀ** : ਗਰੀਬੀ ਨਾਲ ਬੱਚੇ ਦੀ ਸਿਹਤ ਪ੍ਰਭਾਵਿਤ ਹੁੰਦੀ ਹੈ, ਕਿਉਂਕਿ ਉਸਨੂੰ ਸਹੀ ਭੋਜਨ ਨਹੀਂ ਮਿਲ ਪਾਉਂਦਾ ਜਿਹੜੀ ਕਿ ਉਸਦੀ ਸਿੱਖਣ ਯੋਗਤਾ ਨੂੰ ਵੀ ਘਟਾਉਂਦੀ ਹੈ।
2. **ਭਾਵਾਤਮਕ ਕਾਰਕ** : ਧੀਮੇ ਸਿਖਿਆਰਥੀਆਂ ਦੀਆਂ ਭਾਵਾਤਮਿਕ ਸਮੱਸਿਆਵਾਂ ਵਿਚ ਚਿੰਤਾ, ਡਿਪ੍ਰੈਸ਼ਨ, ਅਪ੍ਰੋੜਤਾ ਆਤਮ-ਵਿਸ਼ਵਾਸ਼ ਦੀ ਘਾਟ ਆਦਿ ਹੁੰਦੇ ਹਨ ਜੋ ਕਿ ਉਹਨਾਂ ਦੀ ਸਿੱਖਣ ਯੋਗਤਾ ਨੂੰ ਘਟਾ ਦਿੰਦੇ ਹਨ।
3. **ਪਰਿਵਾਰਿਕ ਮੈਂਬਰਾਂ ਦੀ ਬੁੱਧੀ** : ਮਾਪਿਆਂ ਅਤੇ ਪਰਿਵਾਰ ਦੀ ਬੁੱਧੀ ਵੀ ਬੱਚੇ ਦੇ ਸਿੱਖਣ 'ਤੇ ਪ੍ਰਭਾਵ ਪਾਉਂਦੀ ਹੈ।
4. **ਨਿਜੀ ਕਾਰਕ** : ਸ਼ਰੀਰਕ ਅਸਮਤਾ, ਸ਼ਰੀਰਕ ਹਾਲਤ ਦਾ ਠੀਕ ਨਾ ਹੋਣਾ, ਸੁਣਨ, ਬੋਲਣ ਅਤੇ ਦੇਖਣ ਵਿਚ ਦਿੱਕਤ ਦਾ ਹੋਣਾ ਕੁਝ ਅਜਿਹੇ ਨਿਜੀ ਤੱਤ ਹਨ ਜੋਕਿ ਸਿੱਖਣ ਦੀ ਯੋਗਤਾ ਘਟਾਉਂਦੇ ਹਨ।

**2.4.5.C3 ਧੀਮੇ ਸਿਖਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ :**

ਧੀਮੇ ਸਿਖਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ, ਜਿਹੜੀ ਕਿ ਉਹਨਾਂ ਦੀ ਪਛਾਣ ਵਿਚ ਵੀ ਮਦਦ ਕਰਦੀ ਹੈ, ਸ਼ਾਮਿਲ ਹੈ :

1. **ਸੀਮਿਤ ਗਿਆਨਾਤਮਿਕ ਯੋਗਤਾ** : ਧੀਮੇ ਸਿਖਿਆਰਥੀ ਸਿੱਖਣ ਸਥਿਤੀਆਂ ਨਾਲ ਨਜਿੱਠਣ ਵਿਚ ਅਸਫ਼ਲ ਰਹਿੰਦੇ ਹਨ ਕਿਉਂਕਿ ਉਹਨਾਂ ਦੀ ਗਿਆਨਾਤਮਿਕ ਯੋਗਤਾ ਸੀਮਿਤ ਹੁੰਦੀ ਹੈ।
2. **ਕਮਜ਼ੋਰ ਯਾਦਦਾਸ਼ਤ** : ਧੀਮੇ ਸਿਖਿਆਰਥੀ ਯਾਦਦਾਸ਼ਤ ਦੇ ਭੰਡਾਰ ਵਿਚੋਂ ਸੂਚਨਾ ਨੂੰ ਦੁਬਾਰਾ ਪ੍ਰਾਪਤ ਕਰਨ ਵਿਚ ਅਯੋਗ ਹੁੰਦੇ ਹਨ। ਇਸਦਾ ਕਾਰਨ ਇਹ ਹੈ ਕਿ ਉਹਨਾਂ ਦਾ ਧਿਆਨ ਕੇਂਦਰਿਤ ਨਹੀਂ ਹੁੰਦਾ ਅਤੇ ਪੜ੍ਹਨ-ਸਮੱਗਰੀ ਵੀ ਉਹਨਾਂ ਅਨੁਸਾਰ ਅਯੋਗ ਹੁੰਦੀ ਹੈ।
3. **ਧਿਆਨ ਵੰਡ ਅਤੇ ਕੇਂਦਰਤਾ ਦੀ ਕਮੀ** : ਧੀਮੇ ਸਿਖਿਆਰਥੀ ਲਗਾਤਾਰ ਧਿਆਨ ਕੇਂਦਰਿਤ ਨਹੀਂ ਕਰ ਸਕਦੇ, ਖਾਸਕਰ ਉਸ ਸਮੇਂ ਜਦੋਂ ਸਾਮਗਰੀ ਖੰਡਾਂ ਵਿਚ ਉਹਨਾਂ ਸਾਹਮਣੇ ਪੇਸ਼ ਕੀਤੀ ਜਾਵੇ। ਇਸ ਨਾਲ ਉਹਨਾਂ ਦਾ ਧਿਆਨ ਵੰਡਿਆ ਜਾਂਦਾ ਹੈ ਅਤੇ ਉਹ ਫੋਕਸ ਨਹੀਂ ਕਰ ਪਾਉਂਦੇ।
4. **ਵਿਚਾਰਾਂ ਦੇ ਪ੍ਰਗਟਾਵੇ ਵਿਚ ਅਯੋਗਤਾ** : ਇਹ ਇਸ ਕਰਕੇ ਹੁੰਦਾ ਹੈ ਕਿਉਂਕਿ ਧੀਮੇ ਸਿਖਿਆਰਥੀ ਸ਼ਬਦਾਂ ਨੂੰ ਲੱਭਣ ਅਤੇ ਜੋੜਨ ਵਿਚ ਮੁਸ਼ਕਿਲ ਮਹਿਸੂਸ ਕਰਦੇ ਹਨ। ਇਸ ਤੋਂ ਆਲਾਵਾ ਭਾਵਨਾਤਮਿਕ ਅਪ੍ਰੋੜਤਾ, ਕਮਜ਼ੋਰ ਸ਼ਬਦਾਵਲੀ, ਕਲਪਨਾ ਅਤੇ ਦੂਰਦ੍ਰਿਸ਼ਟੀ ਦੀ ਘਾਟ ਆਦਿ ਵੀ ਇਸਦਾ ਕਾਰਨ ਹੈ।
5. **ਕਮਜ਼ੋਰ ਪ੍ਰਤੱਖੀਕਰਨ ਯੋਗਤਾ** : ਧੀਮੇ ਸਿਖਿਆਰਥੀ ਗਿਆਨ ਇੰਦਰੀਆ ਦੁਆਰਾ ਪ੍ਰਾਪਤ ਕੀਤੇ ਡਾਟਾ ਨੂੰ ਪਛਾਣਕੇ, ਸੰਗਠਿਤ ਕਰਕੇ ਅਤੇ ਉਸਨੂੰ ਟਰਾਂਸਲੇਟ ਕਰਕੇ ਅਰਥਪੂਰਨ ਸੂਚਨਾ ਵਿਚ ਬਦਲਣ ਦੇ ਅਯੋਗ ਹੁੰਦੇ ਹਨ।
6. ਸੁਲੇਖ ਕਲਾ ਅਤੇ ਮੋਟਰ ਕੰਮਾਂ ਵਿਚ ਕਮਜ਼ੋਰ।
7. **ਸਮਾਜਿਕ ਗੁਣਾਂ ਵਿਚ ਕਮਜ਼ੋਰ** : ਧੀਮੇ ਸਿਖਿਆਰਥੀ ਜਿਆਦਾਤਰ ਸਾਮਾਜਿਕ ਨਹੀਂ ਹੁੰਦੇ।
8. **ਭਾਵਾਤਮਿਕ ਅਸਥਿਰਤਾ** : ਉਹਨਾਂ ਦਾ ਅਕਸਰ ਮੂਡ ਬਦਲਦਾ ਰਹਿੰਦਾ ਹੈ।

**2.4.5.C4 ਧੀਮੇ ਸਿਖਿਆਰਥੀਆਂ ਦੀ ਪਛਾਣ :**

ਇੱਕ ਅਧਿਆਪਕ ਨੂੰ ਧੀਮੇ ਸਿਖਿਆਰਥੀਆਂ ਦੀ ਪਛਾਣ ਕਰਨੀ ਚਾਹੀਦੀ ਹੈ ਤਾਂਕਿ ਉਹ ਉਹਨਾਂ ਦੇ ਅਨੁਸਾਰ ਪਾਠਕ੍ਰਮ ਜਰੂਰਤਾਂ ਨੂੰ ਪੂਰੀ ਕਰ ਸਕੇ। ਅਜਿਹੇ ਵਿਦਿਆਰਥੀਆਂ ਨੂੰ ਤਿੰਨ ਫੇਜ਼ ਪ੍ਰਕ੍ਰਿਆ ਦੁਆਰਾ ਪਛਾਣਿਆ ਜਾ ਸਕਦਾ ਹੈ :

- **ਪਹਿਲਾ ਫ਼ੇਜ਼** : ਇਸ ਫ਼ੇਜ਼ ਵਿਚ ਧੀਮੇ ਸਿਖਿਆਰਥੀਆਂ ਨੂੰ ਅਵਲੋਕਨ ਵਿਧੀ, ਸਿਖਿਆ ਮੁਲਾਂਕਣ ਅਤੇ ਕੇਸਸਟੱਡੀ ਤਕਨੀਕਾਂ ਦੁਆਰਾ ਪਛਾਣਿਆ ਜਾ ਸਕਦਾ ਹੈ।
- **ਵਿਗਿਆਨਿਕ ਤਕਨੀਕ** : ਇਸ ਸਟੇਜ 'ਤੇ ਧੀਮੇ ਸਿਖਿਆਰਥੀਆਂ ਨੂੰ ਵੱਖ-ਵੱਖ ਟੈਸਟਾਂ ਜਿਵੇਂ ਸ਼ਖਸ਼ੀਅਤ ਟੈਸਟ, ਬੁੱਧੀ ਟੈਸਟ, ਸਾਈਕੋਮੀਟ੍ਰਿਕ ਟੈਸਟ, ਮਨੋਵਿਗਿਆਨਿਕ ਟੈਸਟ ਅਤੇ ਮੈਡੀਕਲ ਚੈਕਅਪ ਆਦਿ ਰਾਹੀਂ ਪਛਾਣਿਆ ਜਾ ਸਕਦਾ ਹੈ।
- **ਕਾਉਂਟਰ ਚੈਕ ਫ਼ੇਜ** : ਤੀਜੀ ਸਟੇਜ 'ਤੇ ਧੀਮੇ ਸਿਖਿਆਰਥੀਆਂ ਨੂੰ ਸਿੱਖਣ ਦੇ ਦਰ ਦੇ ਆਧਾਰ 'ਤੇ ਅਤੇ ਸਾਂਡਰਾਂ ਦੀ ਚੈੱਕ-ਲਿਸਟ ਰਾਹੀਂ ਪਛਾਣਿਆ ਜਾ ਸਕਦਾ ਹੈ।

**2.4.5.C5 ਧੀਮੇ ਸਿਖਿਆਰਥੀਆਂ ਦੀਆਂ ਕਿਸਮਾਂ :**

ਧੀਮੇ ਸਿਖਿਆਰਥੀ ਦੋ ਤਰ੍ਹਾਂ ਦੇ ਹੁੰਦੇ ਹਨ :

**1. ਉਹ ਬੱਚੇ ਜਿਹੜੇ ਅਲੱਗ ਹੋਕੇ ਰਹਿਣਾ ਚਾਹੁੰਦੇ ਹਨ :**

ਇਹ ਬੱਚੇ ਕਮਾਈ ਵਿਚ ਪਿੱਛੜੇ ਅਤੇ ਸਿੱਖਿਆ ਵਿਚ ਪਿਛੜੇ ਹੁੰਦੇ ਹਨ ਕਿਉਂਕਿ ਉਹਨਾਂ ਵਿਚ ਬਹੁਤ ਸਾਰੀਆਂ ਸਾਮਾਜਿਕ-ਮਨੋਵਿਗਿਆਨਿਕ ਕਮਜੋਰੀਆਂ ਹੁੰਦੀਆਂ ਹਨ ਜਿਸ ਕਰਕੇ ਇਹਨਾਂ ਦਾ ਮਾਨਸਿਕ ਵਿਕਾਸ ਨਹੀਂ ਹੋ ਪਾਂਦਾ। ਇਹਨਾਂ ਨੂੰ ਸਕੂਲਿੰਗ ਅਤੇ ਸਿੱਖਿਆ ਲਈ ਪੂਰੇ ਧਿਆਨ ਦੀ ਲੋੜ ਹੁੰਦੀ ਹੈ।

**2. ਉਹ ਬੱਚੇ ਜਿਹੜੇ ਸੰਗਠਿਤ ਸੈਟਅਪ ਵਿਚ ਹੁੰਦੇ ਹਨ :**

ਇਹਨਾਂ ਵਿਦਿਆਰਥੀਆਂ ਵਿਚ ਸਿੱਖਣ ਅਸਮਰੱਥਾ ਅਤੇ ਅਕਾਦਮਿਕ ਪਿਛੜੇਪਨ ਦੀ ਪ੍ਰਕ੍ਰਿਤੀ ਅਤੇ ਪੱਧਰ ਦੂਜਿਆਂ ਬੱਚਿਆਂ ਨਾਲੋਂ ਘੱਟ ਹੁੰਦਾ ਹੈ। ਇਸ ਕਰਕੇ ਇਹ ਸਾਡੇ ਆਮ ਸਕੂਲਾਂ ਵਿਚ ਸੰਗਠਿਤ ਰੂਪ ਨਾਲ ਪੜ੍ਹਦੇ ਹਨ। ਇਹਨਾਂ ਦਾ ਪਿਛੜਾਪਨ ਦੋ ਤਰ੍ਹਾਂ ਦਾ ਹੁੰਦਾ ਹੈ - ਸਾਧਾਰਨ ਅਤੇ ਵਿਸ਼ੇਸ਼। ਸਧਾਰਨ ਪਿਛੜਾਪਨ ਵਾਲਾ ਬੱਚਾ ਸਕੂਲੀ ਪਾਠਕ੍ਰਮ ਦੇ ਸਾਰੇ ਵਿਸ਼ਿਆਂ ਵਿਚ ਕਮਜੋਰ ਹੁੰਦਾ ਹੈ ਜਦੋਂ ਕਿ ਦੂਜੇ ਪਾਸੇ, ਕਿਸੇ ਖਾਸ ਵਿਸ਼ੇ ਵਿਚ ਕਮਜੋਰੀ ਅਤੇ ਦੂਜਿਆਂ ਵਿਸ਼ਿਆਂ ਵਿਚ ਠੀਕ ਪ੍ਰਦਰਸ਼ਨੀ ਖਾਸ ਪਿਛੜਾਪਨ ਹੈ।

**2.4.5.C6 ਧੀਮੇ ਸਿਖਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ :**

ਧੀਮੇ ਸਿਖਿਆਰਥੀਆਂ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

**(i)** **ਸੀਮਿਤ ਗਿਆਨਾਤਮਿਕ ਯੋਗਤਾ** : ਸੀਮਿਤ ਗਿਆਨਾਤਮਿਕ ਯੋਗਤਾ ਦੇ ਕਾਰਨ, ਧੀਮੇ ਸਿਖਿਆਰਥੀ ਸਿੱਖਣ ਸਥਿਤੀਆਂ ਨਾਲ ਨਜਿੱਠਣ ਤੋਂ ਅਯੋਗ ਹੁੰਦੇ ਹਨ। ਤਰਕਪੂਰਨ ਸੋਚਣਾ ਉਹਨਾਂ ਲਈ ਅਸੰਭਵ ਜਿਹਾ ਹੁੰਦਾ ਹੈ।

**(ii)** **ਕਮਜੋਰ ਯਾਦਦਾਸ਼ਤ** : ਧੀਮੇ ਸਿਖਿਆਰਥੀਆਂ ਦੀ ਯਾਦ-ਸ਼ਕਤੀ ਕਮਜੋਰ ਹੁੰਦੀ ਹੈ।

**(iii)** **ਧਿਆਨ ਕੇਂਦਰਤਾ ਦੀ ਕਮੀ** : ਧੀਮੇ ਸਿਖਿਆਰਥੀ ਧਿਆਨ ਕੇਂਦਰਿਤ ਕਰਨ ਵਿਚ ਔਖਿਆਈ ਅਨੁਭਵ ਕਰਦੇ ਹਨ। ਉਹਨਾਂ ਨੂੰ ਚੰਗੇ ਪ੍ਰਤੱਖੀਕਰਨ ਲਈ ਛੋਟੇ ਪਾਠਾਂ ਦੀ ਲੋੜ ਹੁੰਦੀ ਹੈ।

**(iv)** **ਵਿਚਾਰਾਂ ਨੂੰ ਪ੍ਰਗਟ ਕਰਨ ਵਿਚ ਅਯੋਗਤਾ** : ਧੀਮੇ ਸਿਖਿਆਰਥੀ ਸੂਚਨਾ ਨੂੰ ਯਾਦ ਰੱਖਣ ਅਤੇ ਨਿਰਦੇਸ਼ਾਂ ਨੂੰ ਸੁਣਨ ਵਿਚ ਕਮਜ਼ੋਰ ਹੁੰਦੇ ਹਨ। ਜਿਸਦੇ ਨਤੀਜੇ ਵਜੋਂ, ਉਹ ਸ਼ੁੱਧਤਾ ਦੇ ਨਾਲ ਆਪਣੇ ਵਿਚਾਰਾਂ ਦਾ ਪ੍ਰਗਟਾਅ ਕਰਨ ਤੋਂ ਅਯੋਗ ਹੁੰਦੇ ਹਨ।

**2.4.5.C7 ਧੀਮੇ ਸਿਖਿਆਰਥੀਆਂ ਦੀਆਂ ਪਾਠਕ੍ਰਮ ਜਰੂਰਤਾਂ :**

ਧੀਮੇ ਸਿਖਿਆਰਥੀਆਂ ਦੀਆਂ ਪਾਠਕ੍ਰਮ ਜਰੂਰਤਾਂ ਇਸ ਪ੍ਰਕਾਰ ਹਨ :

1. **ਪ੍ਰੇਰਨਾ** : ਧੀਮੇ ਸਿਖਿਆਰਥੀਆਂ ਦੀ ਅਧਿਆਪਕ ਜਿਆਦਾਤਰ ਪਰਵਾਹ ਨਹੀਂ ਕਰਦੇ ਜਿਸ ਕਰਕੇ ਜਾਂ ਤਾਂ ਉਹ ਫ਼ੇਲ ਹੋ ਜਾਂਦੇ ਹਨ ਜਾਂ ਫੇਰ ਉਹ ਉਸ ਵਿਸ਼ੇ ਨੂੰ ਪਸੰਦ ਨਹੀਂ ਕਰਦੇ। ਜਦੋਂ ਅਧਿਆਪਕ

ਅਜਿਹੇ ਵਿਦਿਆਰਥੀਆਂ ਨੂੰ ਪ੍ਰੇਰਿਤ ਕਰੇਗਾ ਤਾਂ ਉਸਦੇ ਦਿੱਤੇ ਨਿਰਦੇਸ਼ ਵੀ ਪ੍ਰਭਾਵਸ਼ਾਲੀ ਬਣਨਗੇ ਅਤੇ ਸਿੱਖਿਆ ਦੇ ਉਦੇਸ਼ਾਂ ਨੂੰ ਪੂਰਾ ਕੀਤਾ ਜਾ ਸਕੇਗਾ। ਇਸ ਤੋਂ ਅਲਾਵਾ, ਪ੍ਰੇਰਨਾ ਧੀਮੇ ਸਿਖਿਆਰਥੀਆਂ ਦੇ ਵਿਵਹਾਰ ਨੂੰ ਸੁਧਾਰਨ ਲਈ ਪੁਨਰਬਲਿਤ ਵੀ ਕਰਦੀ ਹੈ। ਪ੍ਰੇਰਨਾ ਉਹਨਾਂ ਵਿਚ ਸਿੱਖਣ ਲਈ ਉਤਸ਼ਾਹ ਪੈਦਾ ਕਰਦੀ ਹੈ ਅਤੇ ਆਪਣੇ ਕੰਮ 'ਤੇ ਲਾਗੂ ਕਰਨ ਲਈ ਪ੍ਰੇਰਿਤ ਕਰਦੀ ਹੈ।

2. ***ਵਿਅਕਤੀਗਤ ਧਿਆਨ*** : ਬੱਚਿਆਂ ਦੇ ਵਿਅਕਤੀਗਤ ਵਖਰੇਵਿਆਂ ਨੂੰ ਸਹੀ ਤਰੀਕੇ ਨਾਲ ਪਛਾਣਨਾ ਚਾਹੀਦਾ ਹੈ ਅਤੇ ਹਰੇਕ ਬੱਚੇ ਦੀ ਵਿਅਕਤੀਗਤਤਾ ਨੂੰ ਇੱਜਤ ਦੇਣੀ ਚਾਹੀਦੀ ਹੈ। ਅਧਿਆਪਕ ਨੂੰ ਧੀਮੇ ਸਿਖਿਆਰਥੀਆਂ ਦੀ ਵੀ ਵਿਸ਼ੇਸ਼ ਅਸਮਰੱਥਤਾ ਨੂੰ ਦੂਰ ਕਰਨ ਲਈ ਪੌਜ਼ਿਟੀਵ ਕਦਮ ਚੁੱਕਣੇ ਚਾਹੀਦੇ ਹਨ ਅਤੇ ਉਸਦੀ ਸਮੱਸਿਆ ਦੇ ਅਨੁਸਾਰ ਨਿਰਦੇਸ਼ਨ ਸਟਰੈਟਜੀ ਬਣਾਉਣੀ ਚਾਹੀਦੀ ਹੈ, ਜਿਹੜੀ ਕਿ ਧੀਮੇ ਸਿਖਿਆਰਥੀਆਂ ਦੀਆਂ ਲੋੜਾਂ ਪੂਰੀਆਂ ਕਰੇ। ਜੇਕਰ ਅਜਿਹੇ ਚੰਗੇ ਢੰਗਾਂ ਦੀ ਵਰਤੋਂ ਕੀਤੀ ਜਾਵੇ ਅਤੇ ਹਰੇਕ ਬੱਚੇ ਨੂੰ ਵਿਅਕਤੀਗਤ ਧਿਆਨ ਦਿੱਤਾ ਜਾਵੇ ਤਾਂ ਇਸਦੇ ਸਿੱਟੇ ਵਜੋਂ ਮਨੁੱਖੀ ਸਾਧਨ ਦਾ ਬਹੁਤ ਵਧੀਆ ਵਿਕਾਸ ਹੋਵੇਗਾ।

3. ***ਆਤਮ-ਵਿਸ਼ਵਾਸ਼ ਦੀ ਭਾਵਨਾ ਨੂੰ ਵਿਕਸਿਤ ਕਰਨਾ*** : ਅਕਾਦਮਿਕ ਅਸਮਾਨਤਾ ਦਾ ਰਹਿਣਾ, ਦੂਜੇ ਬੱਚਿਆਂ ਦੁਆਰਾ ਰਿਜ਼ੈਕਸ਼ਨ ਦਾ ਹੋਣਾ, ਦੋਸ਼ਪੂਰਨ ਨਿਰਦੇਸ਼ ਅਤੇ ਮਾਪਿਆਂ ਦੁਆਰਾ ਸਹੀ ਮੈਨੇਜਮੈਂਟ ਦਾ ਨਾ ਹੋਣਾ ਆਦਿ ਅਜਿਹੇ ਕਾਰਨ ਹਨ ਜਿਨ੍ਹਾਂ ਨਾਲ ਧੀਮੇ ਸਿਖਿਆਰਥੀਆਂ ਵਿਚ ਭਾਵਾਤਮਕ ਅਸਥਿਰਤਾ ਪੈਦਾ ਹੋ ਜਾਂਦੀ ਹੈ ਅਤੇ ਉਹਨਾਂ ਵਿਚ ਕਈ ਵਿਵਹਾਰਕ ਅਸਮਾਨਤਾਵਾਂ ਵੀ ਪੈਦਾ ਹੋ ਜਾਂਦੀਆਂ ਹਨ। ਇਸ ਕਰਕੇ ਅਧਿਆਪਕ ਨੂੰ ਚਾਹੀਦਾ ਹੈ ਕਿ ਉਹ ਇਸ ਤਰ੍ਹਾਂ ਦੇ ਚੰਗੇ ਮੌਕੇ ਅਤੇ ਕੋਸ਼ਿਸ਼ਾਂ ਵਿਦਿਆਰਥੀਆਂ ਨੂੰ ਪ੍ਰਦਾਨ ਕਰਨ ਕਿ ਉਹਨਾਂ ਵਿਚ ਆਤਮ-ਵਿਸ਼ਵਾਸ਼ ਪੈਦਾ ਹੋ ਜਾਵੇ ਜਿਸ ਨਾਲ ਉਹ ਚੰਗੇ ਬਾਲਗ ਬਣ ਸਕਣ।

4. ***ਲੋਚਦਾਰ ਪਾਠਕ੍ਰਮ*** : ਗਿਆਨ ਕੇਂਦਰਿਤ ਪਾਠਕ੍ਰਮ ਵਿਸ਼ੇ ਦੀ ਸਾਮਗਰੀ 'ਤੇ ਕੇਂਦਰਿਤ ਹੁੰਦਾ ਹੈ, ਜਦੋਂ ਲੋੜ ਆਧਾਰਿਤ ਪਾਠਕ੍ਰਮ ਇਹ ਮੰਨਕੇ ਚਲਦਾ ਹੈ ਕਿ ਮਨੁੱਖੀ ਜਰੂਰਤਾਂ ਹੀ ਪਾਠਕ੍ਰਮ ਦਾ ਆਧਾਰ ਹਨ। ਅਧਿਆਪਕ ਨੂੰ ਥਿਉਰੈਟਿਕਲ ਪੜਾਈ ਤੇ ਜਿਆਦਾ ਜੋਰ ਨਹੀਂ ਦੇਣਾ ਚਾਹੀਦਾ ਕਿਉਂਕਿ ਧੀਮੇ ਸਿਖਿਆਰਥੀ ਕਈ ਸੂਖਮ ਧਾਰਨਾਵਾਂ ਨੂੰ ਆਸਾਨੀ ਨਾਲ ਨਹੀਂ ਸਮਝ ਸਕਦੇ। ਪਰੰਤੂ ਜਦੋਂ ਕਦੇ ਵੀ ਅਧਿਆਪਕ ਨੂੰ ਅਜਿਹੀਆਂ ਧਾਰਨਾਵਾਂ ਕਰਵਾਉਣ ਦੀ ਲੋੜ ਪਵੇ ਤਾਂ ਉਸਨੂੰ ਚਾਹੀਦਾ ਹੈ ਕਿ ਉਹ ਅਜਿਹੇ ਸੰਬੰਧ ਬਣਾਕੇ ਬੱਚਿਆਂ ਨੂੰ ਪੜਾਏ ਤਾਂਕਿ ਉਹ ਇਹਨਾਂ ਧਾਰਨਾਵਾਂ ਨੂੰ ਆਸਾਨੀ ਨਾਲ ਸਮਝ ਸਕਣ।

5. ***ਉਪਚਾਰਾਤਮਕ ਨਿਰਦੇਸ਼ਨ*** : ਮਨੁੱਖੀ ਸਾਧਨਾਂ ਦਾ ਅਨੁਕੂਲਿਤ ਵਿਕਾਸ ਕਰਨ ਦੇ ਲਈ ਵਿਸ਼ੇਸ਼ ਉਪਚਾਰਾਤਮਕ ਜਮਾਤਾਂ ਦਾ ਪ੍ਰਬੰਧ ਧੀਮੇ ਸਿਖਿਆਰਥੀਆਂ ਲਈ ਕਰਨਾ ਚਾਹੀਦਾ ਹੈ।

6. ***ਸਵਸਥ ਵਾਤਾਵਰਨ*** : ਧੀਮੇ ਸਿਖਿਆਰਥੀਆਂ ਲਈ ਸਕੂਲ ਦਾ ਵਾਤਾਵਰਨ ਸਵਸਥ ਹੋਣਾ ਚਾਹੀਦਾ ਹੈ। ਅਜਿਹੇ ਤੱਤ, ਜੋ ਵਾਤਾਵਰਨ ਨੂੰ ਖਰਾਬ ਕਰਦੇ ਹੋਣ, ਪਹਿਲੀਆਂ ਸਟੇਜਾਂ ਵਿਚ ਉਹਨਾਂ ਨੂੰ ਹਟਾ ਦੇਣਾ ਚਾਹੀਦਾ ਹੈ ਤਾਂ ਕਿ ਧੀਮੇ ਸਿਖਿਆਰਥੀਆਂ ਲਈ ਪ੍ਰਭਾਵਸ਼ਾਲੀ ਸਿੱਖਣ ਵਾਤਾਵਰਨ ਤਿਆਰ ਕੀਤਾ ਜਾ ਸਕੇ।

7. ***ਸਮੇਂ-ਸਮੇਂ ਤੇ ਮੈਡੀਕਲ ਚੈੱਕ-ਅਪ*** : ਕਈ ਵਾਰ ਸ਼ਰੀਰਕ ਤਰੁੱਟੀਆਂ ਧੀਮੇ ਸਿੱਖਣ ਵਿਚ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਜੇਕਰ ਕਿਸੇ ਤਰੁੱਟੀ ਦਾ ਸਮੇਂ ਸਿਰ ਪਤਾ ਲੱਗ ਜਾਵੇ ਅਤੇ ਉਸਦਾ ਠੀਕ ਤਰੀਕੇ ਨਾਲ ਇਲਾਜ ਕੀਤਾ ਜਾਵੇ, ਤਾਂ ਇਕ ਧੀਮਾ ਸਿਖਿਆਰਥੀ ਉਪਚਾਰ ਤੋਂ ਬਾਦ ਇੱਕ ਸਧਾਰਨ ਸਿਖਿਆਰਥੀ ਬਣ ਜਾਵੇਗਾ।

8. ***ਅਧਿਆਪਨ ਦੀ ਖਾਸ ਵਿਧੀਆਂ*** : ਖੋਜਾਂ ਤੋਂ ਇਹ ਸਿੱਧ ਹੋਇਆ ਹੈ ਕਿ ਹੇਠ ਲਿਖੇ ਢੰਗ ਧੀਮੇ ਸਿਖਿਆਰਥੀਆਂ ਲਈ ਬਹੁਤ ਪ੍ਰਭਾਵਸ਼ਾਲੀ ਹਨ :

   (i) ਦੇਖਣ ਅਤੇ ਸੁਣਨ ਨਿਰਦੇਸ਼ਨ

(ii) ਵਾਧੂ ਸੁਧਾਰਾਤਮਕ ਅਨੁਦੇਸ਼ਨ ਨਾਲ ਮਾਸਟਰੀ ਸਿਖਣ ਸਟਰੈਟਜੀ

(iii) ਮਾਡਊਲਰ ਅਨੁਦੇਸ਼

(iv) ਕੰਪਿਊਟਰ ਸਹਾਇਤਾ ਅਨੁਦੇਸ਼

9. **ਸਿੱਖਣ ਦਾ ਠੇਕਾ ਅਤੇ ਮਿੱਤਰ ਸ਼ਿਖਸ਼ਕ :**

**(i)** ***ਸਿੱਖਣ ਠੇਕਾ*** : ਸਿੱਖਣ ਠੇਕਾ ਅਧਿਆਪਕ ਅਤੇ ਵਿਦਿਆਰਥੀ ਵਿਚਕਾਰ ਕਿਸੇ ਖਾਸ ਉਪਵਿਸ਼ੇ 'ਤੇ ਸੂਚਨਾ ਦੇਣ ਅਤੇ ਸਾਂਝੀ ਕਰਨ ਦਾ ਹੁੰਦਾ ਹੈ। ਇਹ ਕੁਝ ਖਾਸ ਵਿਦਿਆਰਥੀਆਂ ਲਈ ਜਮਾਤ ਦੇ ਅਧਿਆਪਕ ਦੁਆਰਾ ਸੰਗਠਿਤ ਕੀਤਾ ਅਨੁਦੇਸ਼ਨ ਹੈ। ਇਸ ਰਾਹੀਂ ਪਤਾ ਚਲਦਾ ਹੈ ਕਿ ਵਿਦਿਆਰਥੀ ਦੇ ਪ੍ਰਦਰਸ਼ਨ ਦਾ ਮੁਲਾਂਕਣ ਕਦੋਂ ਕੀਤਾ ਜਾਵੇਗਾ ਅਤੇ ਪ੍ਰੋਜੈਕਟ ਕਿੰਨੀ ਦੇਰ ਵਿੱਚ ਖਤਮ ਹੋਵੇਗਾ।

**(ii)** ***ਮਿੱਤਰ ਸ਼ਿਖਸ਼ਕ*** : ਜਦੋਂ ਇਕ ਵਿਦਿਆਰਥੀ ਦੂਜੇ ਨੂੰ ਪੜਾਉਂਦਾ ਹੈ, ਇਸਨੂੰ ਮਿੱਤਰ ਸ਼ਿਖਸ਼ਕ ਕਹਿੰਦੇ ਹਨ। ਅਧਿਆਪਕਾਂ ਦੁਆਰਾ ਕੀਤੀ ਨਿਗਰਾਨੀ ਇਸ ਸਿਸਟਮ ਦਾ ਇੱਕ ਅਭਿੰਨ ਹਿੱਸਾ ਹੈ।

**2.4.5.C8 ਸਿੱਟਾ :**

ਧੀਮੇ ਬੱਚਿਆਂ ਨੂੰ ਅਣਦੇਖਿਆ ਕਰਨਾ ਸਾਡੇ ਸਮਾਜ ਦੇ ਵਿਕਾਸ ਵਿਚ ਇਕ ਬਹੁਤ ਵੱਡੀ ਰੁਕਾਵਟ ਹੈ। ਉਹਨਾਂ ਨੂੰ ਠੀਕ ਕਰਨ ਲਈ ਰੈਗੂਲਰ ਮੈਡੀਕਲ ਚੈਕਅਪ ਹੋਣਾ ਜਰੂਰੀ ਹੈ ਅਤੇ ਉਹਨਾਂ ਦੀ ਘਰ ਅਤੇ ਸਕੂਲ ਵਿਚ ਹੋਣ ਵਾਲੀਆਂ ਸਮਾਯੋਜਨ ਦੀਆ ਸਮੱਸਿਆਵਾਂ ਨੂੰ ਦੂਰ ਕੀਤਾ ਜਾਵੇ। ਜਿੱਥੋਂ ਤੱਕ ਸੰਭਵ ਹੋ ਸਕੇ, ਉਹਨਾਂ ਨੂੰ ਸਧਾਰਨ ਬੱਚਿਆਂ ਨਾਲ ਪੜਾਉਣ ਦੀ ਕੋਸ਼ਿਸ਼ ਕੀਤੀ ਜਾਵੇ। ਜਿਆਦਾਤਰ ਅਜਿਹੇ ਕੇਸਾਂ ਵਿਚ ਅਸੀਂ ਵਿਸ਼ੇਸ਼ ਸਕੂਲਾਂ ਨੂੰ ਇੱਕ ਵਧੀਆ ਵਿਕਲਪ ਮੰਨਦੇ ਹਾਂ। ਸਿੱਖਿਆ ਵਿਚ ਪਿਛੜੇ ਬੱਚਿਆਂ ਲਈ ਕੁਝ ਉਪਚਾਰਾਤਮਕ ਸੁਧਾਰ, ਜੋ ਕਿ ਸਕੂਲਾਂ ਵਿਚ ਕੀਤੇ ਜਾਣੇ, ਇਸ ਤਰ੍ਹਾਂ ਹਨ :-

1. ਵਿਸ਼ੇਸ਼ ਪਾਠਕ੍ਰਮ, ਵਿਸ਼ੇਸ਼ ਸਿਖਿਆ ਵਿਧੀਆ ਅਤੇ ਵਿਸ਼ੇਸ਼ ਅਧਿਆਪਕਾਂ ਦਾ ਪ੍ਰਾਵਧਾਨ ਹੋਣਾ।
2. ਵਿਸ਼ੇਸ਼ ਕੋਚਿੰਗ ਅਤੇ ਚੰਗੇ ਢੰਗ ਨਾਲ ਵਿਅਕਤੀਗਤ ਧਿਆਨ।
3. ਭੱਜਣ ਵਾਲੇ ਅਤੇ ਨਾ ਆਉਣ ਵਾਲੇ ਬੱਚਿਆਂ ਦੀ ਚੈਕਿੰਗ ਕਰਨੀ।
4. ਸਹਿਭਾਗੀ ਕ੍ਰਿਆਵਾਂ, ਵਧੀਆ ਤਜ਼ਰਬਿਆਂ ਦਾ ਪ੍ਰਾਵਧਾਨ।
5. ਉੱਨਤੀ ਰਿਕਾਰਡ ਦਾ ਰਖ-ਰਖਾਵ ਕਰਨਾ।
6. ਅਗਵਾਈ ਸੇਵਾਵਾਂ ਦਾ ਪ੍ਰਤੀਪਾਦਨ ਕਰਨਾ।
7. ਰਿਣਾਤਮਕ ਵਾਤਵਰਨਿਕ ਤੱਤਾਂ ਨੂੰ ਕੰਟਰੋਲ ਕਰਨਾ, ਅਤੇ
8. ਤਜ਼ਰਬੇਕਾਰ ਸਿਖਿਆ ਮਨੋਵਿਗਿਆਨਿਕ ਤੋਂ ਸਹਾਇਤਾ ਲੈਣੀ।

**2.4.5.C9 ਛੋਟੇ ਪ੍ਰਸ਼ਨ :**

1. 'ਧੀਮੇ ਸਿਖਿਆਰਥੀ' ਦੀ ਧਾਰਨਾ ਨੂੰ ਪਰਿਭਾਸ਼ਿਤ ਕਰੋ।
2. ਧੀਮੇ ਸਿਖਿਆਰਥੀਆਂ ਨੂੰ ਪਛਾਨਣ ਲਈ ਕੋਈ ਤਿੰਨ ਵਿਸ਼ੇਸ਼ਤਾਵਾਂ ਦੱਸੋ।
3. ਧੀਮੇ ਸਿਖਿਆਰਥੀਆਂ ਦੀਆਂ ਪਾਠਕ੍ਰਮ ਜਰੂਰਤਾਂ ਨੂੰ ਪੂਰਾ ਕਰਨ ਵਾਲੇ ਕੋਈ ਪੰਜ ਰਾਹ ਦੱਸੋ।

**2.4.6 ਸਾਰਾਂਸ :**

ਇਸ ਪਾਠ ਵਿਚ ਖਾਸ ਬੱਚਿਆਂ ਅਤੇ ਉਹਨਾਂ ਦੀਆਂ ਪਾਠਕ੍ਰਮ ਜਰੂਰਤਾਂ ਦੀ ਲੋੜ ਅਤੇ ਮਹੱਤਤਾ ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ। ਖਾਸ ਬੱਚਿਆਂ ਜਿਵੇਂ ਕਿ ਪ੍ਰਤਿਭਾਸ਼ਾਲੀ ਬੱਚੇ, ਦ੍ਰਿਸ਼ਟੀ ਤੋਂ ਵਿਕਲਾਂਗ ਬੱਚੇ ਅਤੇ ਧੀਮੇ ਸਿਖਿਆਰਥੀਆਂ ਦੀਆਂ ਪਾਠਕ੍ਰਮ ਜਰੂਰਤਾਂ 'ਤੇ ਵੀ ਚਾਨਣਾ ਪਾਇਆ ਗਿਆ।

**2.4.7 ਮੁੱਖ ਸੰਕਲਪ**

**(i)** ***ਮਾਸਟਰੀ ਸਿੱਖਣ ਸਟੈਰਟਜੀ*** : ਮਾਸਟਰੀ ਸਿੱਖਣ ਅਨੁਦੇਸ਼ ਦਾ ਇੱਕ ਸਿਸਟਮ ਹੈ ਜਿਹੜਾ ਸਾਰੇ ਵਿਦਿਆਰਥੀਆਂ ਦੁਆਰਾ ਅਨੁਦੇਸ਼ ਉਦੇਸ਼ਾਂ ਦੀ ਪ੍ਰਾਪਤੀ ਉੱਤੇ ਭਿੰਨ ਵੱਖ-ਵੱਖ ਸਿੱਖਣ ਸਮਾਂ ਪ੍ਰਦਾਨ ਕਰਕੇ ਜ਼ੋਰ ਦਿੰਦਾ ਹੈ।

**(ii)** ***ਮੋਡਿਊਲਰ ਅਨੁਦੇਸ਼*** : ਮੋਡਿਊਲਸ ਦੁਆਰਾ ਅਨੁਦੇਸ਼। ਮੋਡਿਊਲ ਇਕ ਸਵੈ ਅਨੁਦੇਸ਼ ਪੈਕਜ ਹੈ

ਜਿਹੜਾ ਕਿ ਕਿਸੇ ਵਿਸ਼ੇ ਦੀ ਕਿਸੇ ਇੱਕ ਧਾਰਨਾ ਨਾਲ ਸੰਬੰਧ ਰੱਖਦਾ ਹੈ।

**(iii)** ***ਕੰਪਿਊਟਰ ਸਹਾਇਤਾ ਅਨੁਦੇਸ਼*** : ਇਹ ਇੱਕ ਕਿਸਮ ਦੀ ਕੰਪਿਊਟਰ ਦੁਆਰਾ ਦਿੱਤੀ ਜਾਣ ਵਾਲੀ ਵਿਅਕਤੀਗਤ ਅਨੁਦੇਸ਼ਨ ਹੈ।

**(iv)** ***ਪਾਠਕ੍ਰਮ ਜਰੂਰਤਾਂ*** : ਪਾਠਕ੍ਰਮ ਦੁਆਰਾ ਪੂਰੀਆਂ ਕੀਤੀਆਂ ਜਾਣ ਵਾਲੀਆਂ ਜਰੂਰਤਾਂ।

### 2.4.8 ਸਵੈ-ਚੈੱਕ ਅਭਿਆਸ :

**ਖਾਲੀ ਥਾਵਾਂ ਭਰੋ :**

1. ਪ੍ਰਤਿਭਾਸ਼ਾਲੀ ਬੱਚਿਆਂ ਦੇ ਵਿਅਕਤੀਗਤ ਵਿਸ਼ੇਸ਼ਤਾਵਾਂ, ਜਰੂਰਤਾਂ, ਯੋਗਤਾਵਾਂ ਅਤੇ ਹਿੱਤਾਂ ਦੇ ਅਨੁਸਾਰ ਇੱਕ ਵੱਖਰੇ ________________ ਦੀ ਲੋੜ ਹੁੰਦੀ ਹੈ।
2. ਧੀਮੇ ਸਿਖਿਆਰਥੀਆਂ ਦੀਆਂ ਦੋ ਕਿਸਮਾਂ __________ ਅਤੇ __________ ਹਨ।
3. ਧੀਮੇ ਸਿਖਿਆਰਥੀਆਂ ਨੂੰ ਪੜਾਉਣ ਲਈ ਖਾਸ ਵਿਧੀਆਂ __________, __________ ਅਤੇ __________ ਹਨ।

ਉਤਰ 1. ਪਾਠਕ੍ਰਮ 2. ਅਲੱਗ ਹੋਗੇ ਰਹਿਣ ਵਾਲੇ, ਸੰਗਠਿਤ ਹੋਕੇ ਰਹਿਣ ਵਾਲੇ

3. ਦੇਖਣ ਅਤੇ ਸੁਣਨ ਨਿਰਦੇਸ਼ਕ, ਵਾਧੂ ਸੁਧਾਗਤਮਕ ਨਿਰਦੇਸ਼ਕ, ਮਾਡਊਲਰ ਨਿਰਦੇਸ਼ਕ, ਕੰਪਿਊਟਰ ਸਹਾਇਤਾ ਅਨੁਦੇਸ਼।

### 2.4.9 ਸੁਝਾਏ ਗਏ ਪ੍ਰਸ਼ਨ :

1. ਵਿਸ਼ੇਸ਼ ਬੱਚਿਆਂ ਦੀ ਪਾਠਕ੍ਰਮ ਜਰੂਰਤਾਂ ਬਾਰੇ ਤੁਸੀਂ ਕੀ ਜਾਣਦੇ ਹੋ ? ਖਾਸ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਨ ਲੱਗਿਆਂ ਇਹਨਾਂ ਨੂੰ ਮਹੱਤਵਪੂਰਨ ਕਿਉਂ ਮੰਨਿਆ ਜਾਣਾ ਚਾਹੀਦਾ ਹੈ ?
2. ਪ੍ਰਤਿਭਾਸ਼ਾਲੀ ਬੱਚੇ ਕੋਣ ਹੁੰਦੇ ਹਨ ? ਤੁਸੀ ਉਹਨਾਂ ਦੀਆਂ ਪਾਠਕ੍ਰਮ ਜਰੂਰਤਾਂ ਨੂੰ ਕਿਵੇਂ ਪੂਰਾ ਕਰੋਗੇ ?
3. ਦ੍ਰਿਸ਼ਟੀ ਤੋਂ ਵਿਕਲਾਂਗ ਬੱਚਿਆਂ ਦੀਆਂ ਕਿਹੜੀਆਂ ਦੋ ਕਿਸਮਾਂ ਹਨ ? ਉਹਨਾਂ ਦੀਆਂ ਪਾਠਕ੍ਰਮ ਜਰੂਰਤਾਂ ਕਿਹੜੀਆਂ ਕਿਹੜੀਆਂ ਹਨ ?
4. ਧੀਮੇ ਸਿਖਿਆਰਥੀ ਕੋਣ ਹੁੰਦੇ ਹਨ ? ਉਹਨਾਂ ਦੀਆਂ ਸਿੱਖਿਆ ਜਰੂਰਤਾਂ ਨੂੰ ਤੁਸੀਂ ਕਿਹੜੇ ਵੱਖਰੇ ਪ੍ਰੋਗਰਾਮਾਂ ਰਾਹੀਂ ਪੂਰਾ ਕਰੋਗੇ ?

### 2.4.10 ਸੁਝਾਈ ਗਈਆਂ ਪੜ੍ਹਤਾਂ ਅਤੇ ਵੈੱਬ ਸਾਧਨ :


1. Sekhon, S.S. & Sekhon, M.K. (2007), "Education of Exceptional Children (Children with Special needs), Kalyani Publishers, Delhi.
2. http://www.zenithresearch.org.in/images/stories/pdf/2011/Dec/zijmr/22-vol%201 – ISSUE8 – ZEN.pdf.
3. http://www.afb.org/into/programs-&-services/professional development/teachers/expanded-core-curriculum/the-expended-core-curriculum/12345
4. http://www.ascd.org/ASCO/pdf/journals/ed-lead/el-198903.tassel–baska–pdf.
5. http://www.davidsongifted.org/db/Articles–id–10342.aspx.

# Mandatory Student Feedback Form

https://forms.gle/KS5CLhvpwrpgjwN98

Note: Students, kindly click this google form link, and fill this feedback form once.